ਗਾਰਗੀ



بلونت گارگی

# ਕੁਆਰੀ ਟੀਸੀ



# ਮੁਖ ਸ਼ਬਦ

ਇਕ ਆਮ ਲੇਖਕ ਪਤਾ ਨਹੀਂ ਹਾਣੀ ਲਿਖਣ ਤੇ ਕਿਉਂ ਐਨਾ ਜ਼ੋਰ ਦਿੰਦਾ ਹੈ ਹਾਲਾਂਕਿ ਜ਼ਿੰਦਗੀ ਵਿਚ ਕਹਾਣੀ ਘਟ ਹੈ ਤੇ ਨਾਟਕ ਬਹੁਤਾ। ਰੇਲ ਗੱਡੀ ਵਿਚ ਬਹਿ ਕੇ ਅਸੀਂ ਇਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤੀਕ ਜਾਈਏ, ਝਟ ਦੋ ਚਾਰ ਲੋਕ ਆਪਸ ਵਿਚ ਗੱਲਾਂ ਕਰਨ ਲੱਗ ਪੈਣਗੇ, ਦੋ ਧਿਰਾਂ ਬਣ ਜਾਣਗੀਆਂ, ਬਹਿਸਾਂ ਛਿੜ ਪੈਣਗੀਆਂ; ਤੇ ਫੇਰ ਇਕ ਨਾ ਇਕ ਅਜੇਹੀ ਗਲ ਵਾਪਰ ਜਾਏਗੀ ਜੋ ਇਸ ਨੂੰ ਇਕ ਨਾਟਕ ਦਾ ਰੂਪ ਦੇ ਦੇਵੇਗੀ। ਜ਼ਿੰਦਗੀ ਵਿਚ ਥਾਂ ਥਾਂ ਤੇ ਅਜੇਹੇ ਨਾਟਕੀ ਮੌਕੇ ਖਿੰਡੇ ਪਏ ਹਨ। ਜਦ ਕੋਈ ਮੈਨੂੰ ਰਚਨਾ ਦੀ ਥੁੜ ਯਾ ਨਾਟਕ ਦੇ ਪਲਾਟ ਦੀ ਘਾਟ ਦੀ ਸ਼ਕਾਇਤ ਕਰਦਾ ਹੈ ਤਾਂ ਮੈਂ ਸਗੋਂ ਹੈਰਾਨ ਹੁੰਦਾ ਹਾਂ। ਮੈਨੂੰ ਕਦੀ ਇਹ ਥੁੜ ਮਹਿਸੂਸ ਨਹੀਂ ਹੋਈ। ਸ਼ੁਰੂ ਮੈਂ ਵੀ ਕਹਾਣੀ ਲਿਖਣ ਤੋਂ ਈ ਕੀਤਾ ਸੀ।ਕਹਾਣੀ ਵਿਚ ਜਿਥੇ ਪਾਤਰ ਆਪਸ ਵਿਚ ਗੱਲਾਂ ਕਰਦੇ,ਮੈਨੂੰ ਸੌਖ ਮਹਿਸੂਸ ਹੁੰਦੀ। ਪਰ ਜਦ ਕਿਸੇ ਚੀਜ਼ ਨੂੰ ਬਿਆਨ ਕਰਨਾ ਪੈਂਦਾ, ਮੈਂ ਕੁਝ ਔਖਾ ਤੇ ਓਪਰਾ ਮਹਿਸੂਸ ਕਰਦਾ। ਏਸੇ ਲਈ ਮੇਰੀਆਂ ਕਈ ਪਹਿਲੀਆਂ ਕਹਾਣੀਆਂ ਵਿਚ ਬੋਲ ਚਾਲ ਬਹੁਤੀ ਤੇ ਆਲੇ ਦੁਆਲੇ ਦਾ ਬਿਆਨ ਯਾ ਕੁਦਰਤੀ ਦ੍ਰਿਸ਼ਾਂ ਦੀ ਚਿਤਰਕਾਰੀ ਘਟ ਹੈ। ਮੈਂ ਸਮਝਦਾ ਹਾਂ ਕਿ ਨਾਟਕ ਲਿਖਣ ਵਿਚ ਕਹਾਣੀ ਨਾਲੋਂ ਘਟ ਚਤਰਾਈ ਦੀ ਲੋੜ ਹੈ। ਸੰਗੀਤ ਵਾਂਗ ਜੇ ਸਾਡੇ ਵਿਚ ਨਾਟਕ-ਰੁਚੀ ਹੈ ਤਾਂ ਅਸੀਂ ਥੋੜੀ ਜਿਹੀ ਖੇਚਲ ਨਾਲ ਹੀ ਇਕ ਚੰਗਾ ਨਾਟਕ ਲਿਖ ਸਕਦੇ ਹਾਂ। ਪਰ ਜਿਸ ਵਿਚ ਨਾਟਕ ਰੁਚੀ ਨਹੀਂ ਉਹ ਕਿੰਨਾ ਪੜ੍ਹ ਗੁੜ੍ਹ ਲਵੇ, ਕਿੰਨਾ ਸਿਧਾ ਪੁੱਠਾ ਹੋ ਲਵੇ, ਉਸ ਦੇ ਨਾਟਕ

ਵਿਚ ਕਦੀ ਸਜਰਾਪਨ ਨਹੀਂ ਆ ਸਕਦਾ । ਉਸ ਦੇ ਪਾਤਰਾਂ ਦੇ ਬੋਲ ਸਦਾ ਲੱਕੜ ਵਾਂਗ ਕਰੜੇ ਤੇ ਨਿਰਜਿੰਦ ਹੋਣਗੇ। ਉਹ ਇਕ ਭੈੜੇ ਰਾਗੀ ਵਾਂਗ ਤੁਸਾਂ ਨੂੰ ਰਾਗ ਦੀਆਂ ਕਿਸਮਾਂ, ਸਰਗਮ ਤੇ ਤਬਲੇ ਦੇ ਠੇਕੇ ਦੇ ਬੋਲ ਤਾਂ ਦਸ ਦਏਗਾ ਪਰ ਜਦ ਆਪ ਗਾਉਣ ਲੱਗੇ ਤਾਂ ਲੋਕ ਨੱਸ ਜਾਣਗੇ।

ਮੇਰੇ ਵਿਚ ਨਾਟਕ ਲਿਖਣ ਦਾ ਇਹ ਕੁਦਰਤੀ ਢੰਗ ਬਹੁਤ ਸੁਚੱਜਤਾ ਨਾਲ ਮੌਜੂਦ ਹੈ। ਮਾਮੂਲੀ ਜਿਹੇ ਵਾਕੇ ਨੂੰ ਮੈਂ ਇਕ ਦੋ ਥਾਵਾਂ ਤੋਂ ਰੰਦ ਛਿੱਲ ਕੇ ਨਿੱਕੇ ਨਿੱਕੇ ਸਿਖਰਾਂ ਵਿਚ ਘੜ ਲੈਂਦਾ ਹਾਂ ਜਿਹੜਾ ਜ਼ਰਾ ਜਿਹੀ ਮਸਨੂਈ ਪਾਹ ਨਾਲ ਬਿਲਕੁਲ ਕੁਦਰਤੀ ਜਾਪਣ ਲਗ ਪੈਂਦਾ ਹੈ। ਨਾਟਕ ਨੂੰ ਪੜ੍ਹਨ ਯੋਗ, ਕੁਦਰਤੀ ਤੇ ਸਰਲ ਬਣਾਉਣ ਲਈ ਏਸ ਕਲਪਨਾ ਦੀ ਬਹੁਤ ਲੋੜ ਹੈ।

ਕਈ ਸਾਥੀਆਂ ਨੇ ਮੇਰੀ ਬੋਲੀ ਨੂੰ ਬਹੁਤਾ ਸਲਾਹਿਆ ਹੈ, ਮੇਰੇ ਪਾਤਰਾਂ ਦੇ ਅਖੱੜ ਪੇਂਡੂ ਬੋਲਾਂ ਦੇ ਨਰੋਏ ਪਨ ਨੂੰ—ਮੈਂ ਆਪਣੀ ਜ਼ਬਾਨ ਤੇ ਖੂਬਸੂਰਤ ਗੋਂਦ ਤੋਂ ਅਨਜਾਣੂ ਨਹੀਂ। ਪਰ ਜੋ ਚੀਜ਼ ਮੇਰੇ ਨਾਟਕਾਂ ਵਿਚ ਜਾਨ ਪਾਉਂਦੀ ਹੈ ਉਹ ਉਨ੍ਹਾਂ ਦੀ ਨਾਟਕੀ ਜਾਚ ਤੇ ਉਨ੍ਹਾਂ ਦੇ ਮਹੱਤਾ ਵਾਲੇ ਵਿਸ਼ੇ ਹੁੰਦੇ ਹਨ।

ਮੈਂ ਆਪਣੇ ਨਾਟਕਾਂ ਵਿਚ ਓਹੀਓ ਜ਼ਬਾਨ ਵਰਤੀ ਹੈ ਜੋ ਅਸੀਂ ਆਮ ਬੋਲਦੇ ਹਾਂ। ਮੇਰੇ ਲਫ਼ਜ਼ਾਂ ਦਾ ਜ਼ਖੀਰਾ ਕਿਸੇ ਆਮ ਪੇਂਡੂ ਨਾਲੋਂ ਬਹੁਤਾ ਨਹੀਂ। ਮੇਰੀ ਜ਼ਬਾਨ ਤੇ ਬਹੁਤਾ ਅਸਰ ਸਾਡੇ ਮਹੱਲੇ ਦੇ ਜਟਾਂ ਦਾ, ਭਾਂਗਰੀ ਮਰਾਸੀ, ਮਿਤ੍ਰ ਤਖਾਣ ਤੇ ਮੇਰੀ ਮਾਂ ਦਾ ਹੈ। ਮੇਰੇ ਨਾਟਕਾਂ ਵਿਚ ਬਹੁਤੀ ਜ਼ਬਾਨ ਉਹ ਹੈ ਜੋ ਮੈਂ ਅਠ ਸਾਲ ਤੀਕ ਖਰੋਟ ਖੇਡਦਿਆਂ, ਚੋਰੀ ਬੇਰ ਤੋੜਦਿਆਂ ਤੇ ਢਾਬ ਛਪੜਾਂ ਵਿਚ ਖੁੱਭਾਂ ਤੇ ਤਰਦਿਆਂ ਸਿਖੀ ਸੀ।

ਮੈਂ ਵੱਡੇ ਵਡੇ ਵਾਕਿਆਂ ਤੇ ਦਲੀਲਾਂ ਤੇ ਬਹੁਤਾ ਨਹੀਂ ਖਲੋਂਦਾ। ਮੈਂ ਇਕ ਨਿਕੇ ਆਮ ਜਿਹੇ ਵਾਕੇ ਨੂੰ ਲੈ ਕੇ ਹੀ ਉਸ ਵਿਚ ਨਾਟਕੀ ਨਵੀਨਤਾ ਲਭਣ ਦੀ ਕੋਸ਼ਸ਼ ਕਰਦਾ ਹਾਂ। ਨਿੱਕੀਆਂ ਨਿੱਕੀਆਂ ਘਟਨਾਵਾਂ, ਗੱਲਾਂ ਤੇ ਪਾਤਰ, ਜਿਹੜੇ ਦੂਜੇ ਲਿਖਾਰੀਆਂ ਦੀਆਂ ਉਚੀਆਂ ਨਜ਼ਰਾਂ ਹੋਣ ਕਰਕੇ ਹੇਠੋਂ

ਹੀ ਲੰਘ ਜਾਂਦੇ ਹਨ, ਮੇਰੀ ਨਿਕੀ ਸਾਰੀ ਨਜ਼ਰ ਤੋਂ ਬਿਨ-ਡਿੱਠੇ ਨਹੀਂ ਗੁਜ਼ਰ ਸਕਦੇ।

ਮੈਂ ਇਹ ਸਾਰੇ ਨਾਟਕ ਸਟੇਜ ਲਈ ਲਿਖੇ ਹਨ। ਕਈ ਥਾਂ ਤੇ ਫਿਕਰੇ ਜਿਹੜੇ ਪੜ੍ਹਨ ਲੱਗੇ ਸਾਡੀ ਤੇਜ਼ ਨਸਦੀ ਨਿਗਾਹ ਵਿਚ ਬਹੁਤਾ ਮਤਲਬ ਨਹੀਂ ਰਖਦੇ, ਸਟੇਜ ਉਤੇ ਹੀ ਪੂਰੀ ਤਰ੍ਹਾਂ ਸਮਝੇ ਜਾ ਸਕਦੇ ਹਨ।

ਇਨ੍ਹਾਂ ਚੋਂ ਕੁਆਰੀ ਟੀਸੀ ਬਾਬਤ ਬਹੁਤ ਸਾਰੇ ਸਾਥੀ ਦੋ ਰਾਵਾਂ ਰਖਦੇ ਹਨ। ਕਈਆਂ ਨੂੰ ਮੇਰਾ ਇਹ ਨਾਟਕ ਬਹੁਤ ਵਧੀਆ ਲਗਿਆ, ਪਰ ਕਈ ਹਾਣੀ ਜੋ ਅਖੱੜ-ਪਨ, ਕੁੱਤਣ, ਤੇ ਖਰ੍ਹਵੇ ਪਨ ਨੂੰ ਹਰ ਉਚ ਕਲਾ ਦਾ ਹਿਸਾ ਸਮਝਦੇ ਹਨ, ਮੇਰੇ ਏਸ ਨਾਟਕ ਨੂੰ ਨਹੀਂ ਮਾਣ ਸਕੇ, ਤੇ ਉਹ ਇਸਦੀ ਖੂਬਸੂਰਤੀ, ਇਸ ਦੇ ਸੁਹਲਪਣੇ ਤੇ ਏਸ ਦੇ ਸਦੀਵੀ ਵਿਸ਼ੇ ਤੋਂ ਸਗੋਂ ਨਰਾਸ਼ ਹੋਏ।

ਸਾਧਾਰਨ ਪਾਠਕ ਲਈ ਕੁਆਰੀ ਟੀਸੀ ਇਕ ਜਜ਼ਬਾਤੀ ਪੁਕਾਰ ਹੈ, ਪਰ ਡੂੰਘੇਰੇ ਪਾਠਕ ਇਸ ਨੂੰ ਸਾਡੇ ਸਮਾਜ ਦੀਆਂ ਨੂੜਾਂ ਤੇ ਕੈਦਾਂ ਦੇ ਖਿਲਾਫ ਇਕ ਚੀਸ ਦਾ ਰੂਪਕ ਸਮਝਣਗੇ। —ਸਮਾਜ ਦੀਆਂ ਸਦੀਆਂ ਦੀਆਂ ਨੂੜਾਂ ਤੇ ਰੀਤਾਂ ਦਾ ਮਲਬਾ ਡਿਗ ਡਿਗ ਸਾਡੇ ਆਲੇ ਦੁਆਲੇ ਇਕ ਸਫੈਦ ਉਚਾ ਕਠਿਨ ਪਹਾੜ ਬਣ ਗਿਆ ਹੈ--ਬਰਫ ਵਾਂਗ ਠੰਢਾ ਸੀਤ ਤੇ ਅਚੇਤ, ਤੇ ਜਿਸ ਨੇ ਇਨਸਾਨ ਅੰਦਰਲੀ ਖੋਜ ਤੇ ਚਾਹ ਦੀ ਲਲਕਾਰ ਨੂੰ ਨਪ ਲੀਤਾ ਹੈ। ਰੀਹਾਨ ਇਸ ਬਰਫ ਦੇ ਸਫੈਦ ਪਹਾੜ ਦਿਆਂ ਰਦਿਆਂ ਤੇ ਗਾੜ੍ਹੇ ਸਫੈਦ ਧੂੰ ਨੂੰ ਲੰਘ ਕੇ ਦੂਰ ਪਾਰ ਜਾਣਾ ਚਾਹੁੰਦੀ ਹੈ—ਇਨਸਾਨ ਦੇ ਦਿਲ ਵਿਚ ਮੁਢ ਤੋਂ ਵਸੀ ਖਾਹਿਸ਼ ਵਾਂਗ ਜੋ ਵਕਤ ਦੇ ਪਰਦਿਆਂ ਤੋਂ ਝਾਕ ਕੇ ਦੂਜੇ ਪਾਸੇ ਆਪਣੀ ਹੋਣੀ ਤਕਣਾ ਚਾਹੁੰਦੀ ਹੈ।

"ਮੰਗਣਾ"—ਦੀ ਘਟਨਾ ਜੰਗ ਨਾਲ ਝੰਬੇ ਹੋਏ ਇਕ ਚੀਨੀ ਪਿੰਡ ਵਿਚ ਹੈ ਜਿਥੇ ਇਕ ਝੁਗੀ ਵਿਚ ਮਾਂ ਆਪਣੇ ਪੁਤ ਨੂੰ ਉਡੀਕਦੀ ਹੈ ਜੋ ਜੰਗ ਵਿਚ ਲੜਨ ਗਿਆ ਹੈ। ਏਸ ਨਾਟਕ ਦੀ ਚਾਲ ਟਿਕਵੀਂ ਹੈ ਤੇ ਪਾਤਰਾਂ ਦੇ ਬੋਲਾਂ ਵਿਚ ਠਰੰਮਾ ਹੈ ਜਿਸ ਦੇ ਪਛਾੜੀ ਅੰਤਾਂ ਦਾ ਵੇਗ ਲੁਕਿਆ ਪਿਆ

ਹੈ। ਨਾਂ-ਤੀ ਦੀਆਂ ਨਿਕੀਆਂ ਨਿਕੀਆਂ ਅੱਲੜ੍ਹ ਗੱਲਾਂ, ਮੁੰਗਵਾ ਦਾ ਬਲੂੰਗੜੇ ਨੂੰ ਪਿਆਰ, ਚੁਲ੍ਹੇ ਦੁਆਲੇ ਬੈਠੇ ਏਸ ਨਿਕੇ ਜਿਹੇ ਟਬਰ ਦੀਆਂ ਮਾਸੂਮ ਗੱਲਾਂ ਇਸ ਨਾਟਕ ਨੂੰ ਇਕ ਜਿਊਂਦਾ ਜਾਗਦਾ ਚਿੱਤਰ ਬਣਾਉਂ-ਦੀਆਂ ਹਨ। ਇਸ ਨਾਟਕ ਦੇ ਪਾਤਰ ਆਪਣੀ ਜਨਮ ਭੂਮੀ ਲਈ ਆਪਣਾ ਪਿਆਰ ਉੱਚੇ ਤਿੱਖੇ ਬੋਲਾਂ ਵਿਚ ਨਹੀਂ ਦਸਦੇ, ਕੁਰਬਾਨੀ ਤੇ ਮਹਾਨ ਉਦਾਰਤਾ ਦੱਸਣ ਲਈ ਉਨ੍ਹਾਂ ਦੇ ਬੋਲ ਉਖੜ ਨਹੀਂ ਜਾਂਦੇ, ਨਾ ਹੀ ਉਨ੍ਹਾਂ ਦੇ ਬੋਲ ਤਿੱਖੇ ਵੇਗ ਵਿਚ ਪਾਟਦੇ ਹਨ। ਉਨ੍ਹਾਂ ਦੀਆਂ ਗਲਾਂ ਵਿਚ ਡੂੰਘੀ ਚਿੰਤਾ ਹੈ ਤੇ ਸਬਰ ਜਿਹੜਾ ਕਿਸੇ ਬਹੁਤ ਚਿਰਾਂ ਤੋਂ ਲੜਦੀ ਕੌਮ ਦੇ ਬਚਿਆਂ ਤੇ ਮਾਪਿਆਂ ਵਿਚ ਕੁਝ ਚਿਰ ਪਿਛੋਂ ਆਪੇ ਆਪ ਆ ਜਾਂਦਾ ਹੈ।

"ਭੇਡ"-ਸਾਡੇ ਕਈ ਪੜ੍ਹਿਆਂ ਲਿਖਿਆਂ ਉਤੇ ਜੋ ਆਪਣੇ ਘਰ, ਆਪਣੇ ਆਲੇ ਦੁਆਲੇ, ਆਪਣੇ ਇਤਿਹਾਸ, ਆਪਣੇ ਸਾਹਿਤ ਤੇ ਆਪਣੀਆਂ ਰੀਤਾਂ ਦੇ ਖਿਲਾਫ ਐਨਾ ਉਚਾ ਬੋਲਦੇ ਹਨ ਕਿ ਦੂਜਿਆਂ ਨੂੰ ਜਿਉਣਾ ਦੂਭਰ ਕਰ ਦਿੰਦੇ ਹਨ, ਇਕ ਕਟਾਕਸ਼ ਹੈ। ਏਸ ਵਿਚ ਡਾਕਟਰ ਦੀਵਾਨ ਚੰਦ ਆਪਣੀ ਤੀਵੀਂ ਦੇ ਖਿਲਾਫ ਏਸ ਲਈ ਬੋਲ ਉਠਦਾ ਹੈ ਕਿ ਉਸ ਡਾਕਟਰ ਦੀ ਉਮਰ ਸੁਖਣ ਲਈ ਕਰਵਾ ਚੌਥ ਦਾ ਵਰਤ ਰਖ ਲਿਆ ਹੈ। ਡਾਕਟਰ ਉਸ ਨੂੰ ਭੇਡ ਆਖਦਾ ਹੈ,—ਇਕ ਲਾਈ ਲਗ ਤੀਵੀਂ ਜੋ ਹਰ ਅੰਨ੍ਹੀ ਰੀਤ ਪਿਛੇ ਲਗ ਟੁਰਦੀ ਹੈ। ਪਰ ਡਾਕਟਰ ਨੂੰ ਇਹ ਨਹੀਂ ਪਤਾ ਕਿ ਉਹ ਆਪ ਵੀ ਪੱਛਮੀ ਸਭਿਤਾ, ਪੱਛਮੀ ਪਾਰਟੀਆਂ ਤੇ ਪਛਮੀ ਰੀਤਾਂ ਦਾ ਏਨਾ ਹੀ ਉਪਾਸ਼ਕ ਸੀ ਜਿੰਨੀ ਸ਼ਾਇਦ ਉਹਦੀ ਤੀਵੀਂ ਹਿੰਦੁਸਤਾਨੀ ਰਸਮਾਂ ਦੀ ਵੀ ਨਹੀਂ ਸੀ।—ਤੇ ਏਸੇ ਲਈ ਸ਼ਾਇਦ ਉਹ ਆਪ ਉਸ ਤੋਂ ਵੀ ਵਡੀ ਭੇਡ।

"ਤਰਕਾਲਾਂ"-ਵਿਚ ਬਾਬਾ ਸੋਹਣ ਸਿੰਘ ਦੇ ਸੁਰਤੇ-ਬੇਸੁਰਤੇ ਫਿਕਰੇ ਜੋ ਆਪਣੇ ਵਹਿਣ ਵਿਚ ਨਿੱਕੇ ਨਿਕੇ ਖਿਆਲਾਂ ਦੀਆਂ ਬੇਸ਼ੁਮਾਰ ਘੁੰਮਨ-ਘੇਰੀਆਂ ਲਈ ਟੁਰਦੇ ਹਨ, ਇਕ ਹੁਸ਼ਿਆਰ ਪਾਠਕ ਲਈ ਬਹੁਤ ਖਿਚ ਰਖਦੇ ਹਨ। ਬਾਬਾ ਸੋਹਣਸਿੰਘ ਸਾਡੀ ਜਿੰਦਗੀ ਦੇ ਫਿੱਕੇ ਪਨ ਤੇ ਨਿਰਾਸਾ ਨੂੰ ਦਸਦਾ ਹੈ

ਸਾਰੀ ਉਮਰ ਉਸ ਢਾਬ ਤੇ ਬੈਠੇ ਪਾਣੀ ਪਲਾਉਣ ਵਿਚ ਗੁਜ਼ਾਰ ਦਿਤੀ। ਜ਼ਿੰਦਗੀ ਕਿੰਨੀ ਸਖਣੀ ਸੀ। ਅਖੀਰ ਵਿਚ ਰਾਮ ਰੱਖੀ ਆਉਂਦੀ ਹੈ ਜੋ ਉਸ ਨੂੰ ਰਾਤ ਦੇ ਫੈਲਰੇ ਹਨੇਰੇ ਵਿਚ ਚਾਹ ਦਾ ਇਕ ਕੌਲ ਦਿੰਦੀ ਹੈ। ਚਾਹ ਦਾ ਇਕ ਕੌਲ ਬਾਬੇ ਨੂੰ ਫੇਰ ਇਕ ਨਰਮ ਮਧੁਰਤਾ ਤੇ ਪਿਘਲੀਆਂ ਘੁਲੀਆਂ ਯਾਦਾਂ ਦੇ ਹੜ੍ਹ ਵਿਚ ਡਬੋ ਦਿੰਦਾ ਹੈ ਤੇ ਉਹ ਫੇਰ ਸ਼ਾਂਤ ਹੋ ਜਾਂਦਾ ਹੈ। ਕਈ ਵਾਰ ਜਿਊਣ ਲਈ ਇਕ ਨਰਮ ਸ਼ਬਦ, ਇਕ ਚਾਹ ਦਾ ਕੌਲਾ ਮੁਕਦਾ ਨਹੀਂ। ਸਾਡੇ ਸੱਖਣੇ ਜੀਵਨ ਨੂੰ ਭਰਨ ਲਈ ਕਈ ਵਾਰ ਇਕ ਮੁਸਕਰਾਹਟ ਹੀ ਕਾਫ਼ੀ ਹੈ। ਜਿਊਣ ਲਈ ਕਿੰਨੀ ਨਿੱਕੀ ਮੰਗ ਹੈ ਸਾਡੀ। ਕਿੰਨੀ ਨਿੱਕੀ ਲੋੜ।

"ਬੇਬੇ" ਤੇ "ਗਿਰਝਾਂ" ਪਾਠਕ ਆਪ ਪੜ੍ਹ ਕੇ ਰਾਏ ਕਾਇਮ ਕਰ ਲੈਣ। ਮੇਰੇ ਖਿਆਲ ਵਿਚ ਉਹ ਮੇਰੇ ਹੁਣ ਤੀਕ ਲਿਖੇ ਇਕਾਂਗੀਆਂ ਚੋਂ ਸਭ ਤੋਂ ਕਾਮਯਾਬ ਹਨ।

ਬਲਵੰਤ ਗਾਰਗੀ

# ਕੁਆਰੀ ਟੀਸੀ

## ਪਾਤਰ

ਗੀਹਾਨ—ਇਕ ਕੁੜੀ।
ਸ਼ੇਖ਼ੂ—ਉਹਦਾ ਪਿਓ।
ਭੇਰੂ—ਉਹਨਾਂ ਦੀਆਂ ਬਕਰੀਆਂ ਦਾ ਰਾਖਾ।
ਨੌਜੁਆਨ—ਇਕ ਓਪਰਾ ਮੁੰਡਾ।
ਥਾਂ—ਹਿਮਾਲੀਆ ਪਹਾੜ ਦੀਆਂ ਉੱਚੀਆਂ ਸਿਖਰਾਂ ਵਿਚ ਘਿਰੀ ਹੋਈ ਇਕ ਵਾਦੀ।
ਵੇਲਾ—ਸਿਆਲ ਦੀ ਇਕ ਤਰਕਾਲ।

(ਪਰਦਾ ਉਠਦਾ ਹੈ)

ਇਕ ਝੁਗੀ ਜਿਦ੍ਹੀਆਂ ਕੰਧਾਂ ਬੇ-ਢਬੇ ਸਿਲਾਂ ਦੇ ਟੋਟਿਆਂ ਦੀਆਂ ਬਣੀਆਂ ਹਨ।

ਸਟੇਜ ਦੀ ਪਿਠ ਪਿਛੇ ਇਕ ਦਰਵਾਜ਼ਾ ਹੈ ਅਤੇ ਇਕ ਤਾਕੀ ਜਿਦ੍ਹੀਆਂ ਟੁਟੀਆਂ ਭਜੀਆਂ ਤਾਰਾਂ ਦੀ ਜਾਲੀ ਚੋਂ ਬਾਹਰ ਬਰਫ਼ ਨਾਲ ਢਕਿਆ ਰਸਤਾ ਦਿਸਦਾ ਹੈ। ਹਵਾ ਫੂਕਾਂ ਵਿਚ ਚਲਦੀ ਹੈ। ਖਬੇ ਪਾਸੇ ਇਕ ਛੋਟਾ ਜਿਹਾ ਬਿਨ ਤਖਤਿਓਂ ਦਰਵਾਜ਼ਾ ਹਨੇਰੀ ਕੋਠੜੀ ਵਿਚ ਖੁਲ੍ਹਦਾ ਹੈ, ਜਿਥੇ ਇਕ ਬਿਮਾਰ ਭੇਡ ਖੰਘਦੀ ਹੈ।

ਝੁਗੀ ਦੇ ਵਿਚਕਾਰ ਫ਼ਰਸ਼ ਉਤੇ ਇਕ ਛੋਟੀ ਜਿਹੀ ਅੰਗੀਠੀ

ਮਘ ਰਹੀ ਹੈ ਤੇ ਓਹਦੇ ਨੇੜੇ ਬੈਠੀ ਗੀਹਾਨ ਅਗ ਸੇਕ ਰਹੀ ਹੈ।
ਇਕ ਉਧੜੀ ਹੋਈ ਮੰਜੀ ਖੂੰਜੇ ਵਿਚ ਪਈ ਹੈ ਅਤੇ ਓਹਦੇ ਨਾਲ ਹੀ ਇਕ ਮੂਹੜਾ, ਇਕ ਦੇਗਚੀ ਤੇ ਕੋਇਲੇ ਪਏ ਹਨ। ਸੱਜੀ ਕੰਧ ਦੀ ਕਿਲੀ ਉਤੇ ਇਕ ਤੰਬੀ ਟੰਗੀ ਹੋਈ ਹੈ।
ਕਮਰੇ ਵਿਚ ਹਨੇਰਾ ਹੈ, ਸਿਰਫ਼ ਕੋਇਲਿਆਂ ਦੀ ਗੂਹੜੀ ਲਾਲੀ ਦੀ ਝਲਕ ਹੈ।
ਗੀਹਾਨ ਨੇ ਇਕ ਮੋਟਾ ਝੱਗਾ ਪਾਇਆ ਹੋਇਆ ਹੈ। ਓਹਨੇ ਚੁੰਨੀ ਦਾ ਪੱਲਾ ਕੰਨਾਂ ਤੇ ਠੋਡੀ ਦੁਆਲੇ ਵਲ੍ਹੇਟ ਕੇ ਸਿਰ ਪਿਛੇ ਵਾਲਾਂ ਵਿਚ ਟੰਗ ਲਿਆ ਹੈ। ਓਹ ਵਾਰ ਵਾਰ ਹੱਥਾਂ ਨੂੰ ਅੱਗ ਨੇੜੇ ਲਿਆਉਂਦੀ ਹੈ।

ਗੀਹਾਨ—ਹਾਲਾਂ ਤੀਕਰ ਨਹੀਂ ਆਏ, ਦੋਹਾਂ ਵਿਚੋਂ ਕੋਈ ਵੀ ਤੇ ਨਹੀਂ ਬਹੁੜਿਆ। ਭਲਾ ਜੇ ਮੈਂ ਸੌਂ ਜਾਵਾਂ ਤਾਂ ਚਾਹ ਕੌਣ ਪਲਾਊ ਉਨ੍ਹਾਂ ਨੂੰ? ਚਿਰਾਂ ਤੋਂ ਚਾਹ ਉਬਲੀ ਜਾਂਦੀ ਏ, ਉਬਲ ਉਬਲ ਕੇ......... (ਬਾਹਰ ਝਾਕਦੀ ਹੈ) ਖੌਰੇ ਮੀਂਹ ਪੈਣ ਲਗ ਪਿਆ ਏ, ਪਤਾ ਨਹੀਂ ਓਹ ਕਿਉਂ ਨਹੀਂ ਆਏ (ਮੁੜ ਉਠਦੀ ਹੈ ਤੇ ਥੋੜਾ ਜਿਨਾ ਘੁਮ ਕੇ ਬਾਰੀ ਚੋਂ ਤਕਦੀ ਹੈ) ਕੁਝ ਵੀ ਦਿਖਾਈ ਨਹੀਂ ਦੇਂਦਾ। ਬਰਫ਼ ਪੈਣ ਲਗ ਪਈ ਏ ਤੇ ਸਫ਼ੇਦ ਧੂੰਆਂ ਉਠ ਰਿਹਾ ਏ। ਧੂੰ ਚੋਂ ਕੀ ਦਿਸ ਸਕਦਾ ਏ, ਕੁਝ ਵੀ ਨਹੀਂ। (ਫੇਰ ਆਕੇ ਬਹਿ ਜਾਂਦੀ ਹੈ ਓਹਦੀਆਂ ਨਜ਼ਰਾਂ ਬਾਸੀ ਤੇ ਉਦਾਸ ਹਨ) ਇਉਂ ਨਿਤ ਆਥਣ ਦੀ ਉਡੀਕ, ਨਿਤ ਉਡੀਕ, ਨਿਤ, ਹੁਣ ਜਦੋਂ ਕਿ ਮੈਂ ਸਾਰਾ ਕੰਮ ਨਬੇੜ ਚੁਕੀ ਆਂ, ਵਕਤ ਮੁਕਣ ਵਿਚ ਨਹੀਂ ਆਉਂਦਾ, ਤੇ ਓਹ ਹਾਲਾਂ ਵੀ ਪਤਾ ਨਹੀਂ ਦੋਵੇਂ ਕਦੋਂ ਆਉਣਗੇ ? ਦੇਗਚੀ ਮਾਂਜ ਚੁੱਕੀ, ਦਾਲ ਚੋਂ ਰੋੜ ਚੁਗ ਲਏ, ਹੁਣ ਹੋਰ ਕੀ ਰਹਿੰਦਾ ਏ, ਹੋਰ ਕੀ ?...... ਹਾਂ ਸਚ ਭੇਡ ਨੂੰ ਦੁਆਈ ਪਿਲਾਣੀ, ਤੇ ਮੁੜ ਬਸ, ਇਸ ਪਿਛੋਂ ਕੋਈ ਕੰਮ ਨਹੀਂ।

[ਬੂਹੇ ਤੇ ਠਕ ਠਕ ਹੁੰਦੀ ਹੈ।

ਸ਼ੋਤ! (ਓਹਦਾ ਮੂੰਹ ਇਕ ਮਧਮ ਕਿਰਣ ਨਾਲ ਜਿਉਂ ਉਠਦਾ ਹੈ) ਖੌਰੇ.... ..........

[ਉਠ ਕੇ ਬੂਹਾ ਲਾਹੁੰਦੀ ਹੈ।

ਇਕ ਨੌਜੁਆਨ ਥਕਿਆ ਕੁੰਗੜਿਆ ਅੰਦਰ ਵੜਦਾ ਹੈ। ਓਸ ਬਰਸਾਤੀ ਲਈ ਹੋਈ ਹੈ ਤੇ ਬਰਸਾਤੀ ਉਤੇ ਬਰਫ਼ ਦੇ ਕੂਲੇ ਗੋਹੜੇ ਤਿਲਕ ਰਹੇ ਹਨ।

ਨੌਜੁਆਨ–ਉਫ਼.........ਫ਼.........ਫ਼.........

ਗੀਹਾਨ–ਤੂੰ............?

ਨੌਜੁਆਨ–ਹਾਂ.... ........ਮੈਂ ਡਾਕ ਬੰਗਲੇ 'ਚ ਠਹਿਰਨਾ ਚਹੁੰਦਾ ਆਂ, ਚੌਂਕੀ-ਦਾਰ ਕਿਥੇ ਏ?

ਗੀਹਾਨ–ਗਾਂ ਚੋਣ ਗਿਆ ਏ।

ਨੌਜੁਆਨ–ਹੂੰ.........(ਮੰਜੀ ਤੇ ਬਹਿੰਦਿਆਂ) ਕਿਨੀ ਠਾਰੀ ਏ ਬਾਹਰ। ਮੈਨੂੰ ਰਾਹ ਵਿਚ ਈ ਬਰਫ਼ ਨੇ ਘੇਰ ਲਿਆ।

ਗੀਹਾਨ–ਤੂੰ ਹਾਲੇ ਫੇਰ ਅਗ ਸੇਕ। ਲਿਆ ਮੈਂ ਤੇਰਾ ਕੋਟ ਸੁਕਣਾ ਪਾ ਦਿਆਂ।

ਨੌਜੁਆਨ–ਨਹੀਂ, ਨਹੀਂ।

[ਉਹ ਕੋਟ ਲਾਹ ਕੇ ਏਧਰ ਓਧਰ ਕਿਲੀ ਲਭਦਾ ਹੈ, ਤੇ ਫੇਰ ਪਰੇਸ਼ਾਨ ਹੋ ਕੇ ਮੰਜੀ ਦੀ ਉਧੜੀ ਦੌਣ ਤੇ ਰਖ ਦੇਂਦਾ ਹੈ।

ਗੀਹਾਨ–(ਮੂਹੜਾ ਘੜੀਸ ਕੇ) ਲੈ–ਏਥੇ ਬਹਿ ਜਾ। ਤੂੰ, ਪੋਹ ਦੇ ਏਸ ਪਾਲੇ 'ਚ ਕਿਥੋਂ ਆਇਆ ਏਂ? ਏਧਰ ਤਾਂ ਏਡਾ ਪਹਾੜ ਏ, ਤੇ ਜਵੇਰੀ ਜੋਤ ਦੀ ਟੀਸੀ ਬਰਫ਼ ਨਾਲ ਕੱਜੀ ਪਈ ਹੋਵੇਗੀ। ਤੂੰ ਕਿਥੋਂ............?

ਨੌਜੁਆਨ–ਮੈਂ ਏਸੇ ਟੀਸੀ ਨੂੰ ਲੰਘ ਕੇ ਆਇਆ ਵਾਂ। ਫ਼ਜਰੇ ਸੂਰਜ ਨਿਕਲਿਆ ਹੋਇਆ ਸੀ। ਜਦੋਂ ਮੈਂ ਜੀਬੀ ਤੇ ਸੋਝਾ ਨੂੰ ਪਾਰ ਕੀਤਾ

ਤਾਂ ਚਿਟੀ ਬਰਫ਼ ਜਿਵੇਂ ਜੰਮਿਆਂ ਦੁਧ ਹੋਵੇ, ਚਫੇਰੀਂ ਫੈਲੀ ਹੋਈ ਸੀ, ਦੁਆਲੇ ਨੀਲੀਆਂ ਧਾਰੀਆਂ ਸਨ। ਪਰ ਜਵੇਰੀ ਪਾਰ ਕਰਨ ਮਗਰੋਂ.........ਉਫ ਮੈਂ ਬਹੁਤ ਹੰਭਿਆ ਹੋਇਆ ਹਾਂ। ਮੈਨੂੰ ਗਰਮ ਪਾਣੀ ਪਿਆ ਦੇ।

ਰੀਹਾਨ—ਹਾਂ ਅਬਾ ਲਈ ਮੈਂ ਕੇਤਲੀ ਵਿਚ ਚਾਹ ਉਬਾਲੀ ਏ। ਪਰ ਉਹਦੇ ਵਿਚ ਨ ਖੰਡ ਏ ਨ ਦੁਧ। ਬਸ ਅੱਧਾ ਘੰਟਾ ਹੋਰ ਉਡੀਕ, ਓਹ ਦੁਧ ਲਈ ਆਉਂਦਾ ਈ ਹੋਵੇਗਾ।

ਨੌਜੁਆਨ—ਨਹੀਂ ਮੇਰੇ ਹੱਥ ਸੁੰਨ ਹੋਈ ਜਾਂਦੇ ਨੇ ਤੇ ਗਲ ਵਿਚ ਠੰਢੇ ਕੰਡੇ ਉਗ ਆਏ ਨੇ। ਮੈਨੂੰ ਇਹੋ ਚਾਹ ਦੇ ਦੇ।

ਰੀਹਾਨ—ਏਹੋ ਕਾਲੀ ਗਾਹੜੀ ਚਾਹ? ਹਛਾ ਤੂੰ ਹੱਥ ਪੈਰ ਨਿਘੇ ਕਰ।

ਨੌਜੁਆਨ—(ਅਗ ਸੇਕਦਾ) ਮੇਰਾ ਖਿਆਲ ਹੈ ਸਵੇਰ ਤੀਕ ਬਰਫ਼ ਥਮ ਜਾਵੇਗੀ। ਮੇਰੇ ਕੋਲ ਇਨ੍ਹਾਂ ਸਾਰੇ ਪਹਾੜਾਂ ਦੇ ਨਕਸ਼ੇ ਹੈਣ। ਜਵੇਰੀ ਨੂੰ ਪਾਰ ਕਰਨ ਪਿਛੋਂ ਹੁਣ ਮੈਂ ਲਾਰਜੀ ਪਾਰ ਕਰਨਾਂ ਚਾਹੁੰਦਾ ਹਾਂ, ਫੇਰ.........

ਰੀਹਾਨ—(ਤ੍ਰਭਕ ਕੇ) ਲਾਰਜੀ?

ਨੌਜੁਆਨ—ਹਾਂ...........ਕਿਉਂ?

ਰੀਹਾਨ—ਪੋਹ ਦੀ ਰੁੱਤੇ ਲਾਰਜੀ ਤੇ ਬਰਫ਼ ਦਾ ਦੇਓਤਾ ਲਥ ਆਉਂਦਾ ਏ, ਤੇ ਮੈਂ ਸੁਣਿਆ ਏ ਓਹ ਕੁਆਰੀ ਬਰਫ਼ ਨੂੰ ਕਿਸੇ ਪਾਂਧੀ ਦੇ ਪੈਰਾਂ ਥੱਲੇ ਲਿਤੜਣ ਨਹੀਂ ਦੇਂਦਾ।

ਨੌਜੁਆਨ—(ਥੋੜਾ ਜਿਹਾ ਹਸਕੇ) ਹੁਫ......ਫ......ਹੀਹ ਹੀਹ, ਇਹ ਪਹਾੜੀਆਂ ਦਾ ਵਹਿਮ ਏ। ਤੇ ਮੈਂ ਏਸੇ ਵਹਿਮ ਨੂੰ ਤੋੜਨ ਲਈ ਆਇਆ ਹਾਂ।

ਰੀਹਾਨ—ਪਹਾੜੀਆਂ ਦੇ ਦਿਓਤੇ ਨੂੰ ਝੂਠਾ ਪਾਉਣ?

ਨੌਜੁਆਨ—ਹਾਂ, ਹਾਂ।

ਰੀਹਾਨ—ਕਿਉਂ?

ਨੌਜੁਆਨ—ਏਸ ਲਈ ਕਿ ਦਿਉਤੇ ਝੂਠੇ ਹਨ।

ਰੀਹਾਨ--ਤੂੰ ਇਹ ਝੂਠ ਕਿਤਾਬਾਂ ਚੋਂ ਪੜ੍ਹਿਆ ਹੋਏਗਾ?

ਨੌਜੁਆਨ--ਹਾਂ......ਨਹੀਂ ਤਾਂ। ਕਿਤਾਬਾਂ ਕੀ ਝੂਠੀਆਂ ਹੁੰਦੀਆਂ ਨੇ ?

ਰੀਹਾਨ--ਹੋਰ ਕੀ--ਸਾਡਾ ਪਹਾੜੀਆਂ ਦਾ ਵਿਸ਼ਵਾਸ਼ ਏ ਕਿਤਾਬਾਂ ਝੂਠ ਮਾਰਦੀਆਂ ਹਨ।

ਨੌਜੁਆਨ--ਕੀ ਤੂੰ ਸਚ ਮੰਨਦੀ ਏਂ ਕਿ ਲਾਰਜੀ ਦਿਓਤਾ ਪਹਾੜ ਦੀ ਟੀਸੀ ਤੇ ਉਤਰ ਆਉਂਦਾ ਏ?

ਰੀਹਾਨ--ਹਾਂ, ਉਹ ਠੰਢਾਂ ਵਿਚ ਉਚੇ ਪਰਬਤ ਤੋਂ ਹੇਠਾਂ ਆ ਜਾਂਦਾ ਏ। ਤੇ ਛੀ ਮਹੀਨੇ ਲਾਰਜੀ ਦੀ ਟੀਸੀ ਤੇ ਏਸ ਇਲਾਕੇ ਦੀ ਰਖਿਆ ਕਰਦਾ ਏ।

ਨੌਜੁਆਨ--ਹੂੰ--ਖੈਰ। ਇਸ ਵਹਿਮ ਨਾਲ ਮੈਨੂੰ ਕੀ? ਜਦ ਮੈਂ ਆਪਣੀ ਡਾਇਰੀ ਵਿਚ ਇਹ ਵਹਿਮ ਲਿਖਾਂਗਾ ਤਾਂ ਮੇਰੇ ਤਜਰਬੇ ਕੇਡੇ ਦਿਲਚਸਪ ਹੋਣਗੇ, ਕਿੰਨੇ ਚਰਜ ਭਰੇ, ਲਾਰਜੀ ਦੀ ਟੀਸੀ ਤੇ ਬਰਫ ਦਾ ਦਿਓਦਾ! ਹੂਹ।

ਰੀਹਾਨ--ਪਰ ਤੂੰ ਆਇਆ ਕਿਥੋਂ ਏਂ--? ਕੱਲਾ ਈ?

ਨੌਜੁਆਨ--ਹਾਂ।

ਰੀਹਾਨ--ਜਿਸ ਪਹਾੜ ਤੇ ਚੜ੍ਹਨ ਨੂੰ ਤੂੰ ਏਡਾ ਕਾਹਲਾ ਦਿਸਦਾ ਏਂ, ਉਹ ਮੌਤ ਦਾ ਪਹਾੜ ਏ, ਠੰਢਾ ਤੇ ਸਫੈਦ, ਜਿਵੇਂ ਮੌਤ ਹੋਵੇ।

ਨੌਜੁਆਨ–ਮੈਨੂੰ ਨਕਸ਼ੇ ਤੋਂ ਸਭ ਥਾਂ ਮਲੂਮ ਹਨ। ਬਸ ਇਕ ਆਦਮੀ ਮੈਨੂੰ ਲਾਰਜੀ ਦੀ ਕੁਖ ਤੇ ਛਡ ਆਵੇਗਾ। ਬਾਕੀ ਅਗੇ ਮੇਰੇ ਨਕਸ਼ੇ ਉਤੇ ਸਭ ਟੀਸੀਆਂ, ਸਭ ਕਿੰਗਰੇ ਵਾਹੇ ਹੋਏ ਹਨ। ਨਕਸ਼ੇ ਦੀਆਂ ਬ੍ਰੀਕ ਲੀਕਾਂ–ਪਰ ਏਥੇ ਹਨੇਰਾ ਏ, ਤੂੰ ਰਤਾ ਲੰਪ ਚੁਕ ਲਿਆ।

ਰੀਹਾਨ–ਆਲੇ ਵਿਚਲਾ ਦੀਵਾ ਬਾਲ ਦੇਨੀ ਆਂ। ਇਸ ਵਿਚ ਪਹਾੜੀ ਲਕੜ ਦੀ ਇਕ ਪੋਰੀ ਬਲਦੀ ਏ।

[ਲਕੜ ਦੀ ਪੋਰੀ ਜਲਾ ਕੇ ਓਹਦੇ ਨੇੜੇ ਕਰਦੀ ਹੈ।

ਲੈ ਫੜ।

ਨੌਜੁਆਨ—(ਓਹਦੇ ਮੂੰਹ ਉਤੇ ਗਹੁ ਨਾਲ ਝਾਕ ਕੇ) ਕੀ ਤੂੰ ਮੇਰੇ ਲਾਰਜੀ ਜਾਣ ਤੇ ਗੁਸੇ ਏਂ ?

ਗੀਹਾਨ—ਨਹੀਂ ਤਾਂ।

ਨੌਜੁਆਨ—ਤਾਂ ਫੇਰ ਤੇਰੇ ਮੂੰਹ ਦੇ ਖਬੇ ਖੂੰਜੇ ਤੇ ਇਕ ਕਿਰਮਚੀ ਲੀਕ ਕਿਉਂ ਉਭਰ ਆਈ ਏ ?

ਗੀਹਾਨ—ਕਿਥੇ ?

ਨੌਜੁਆਨ—ਇਹ, ਹੇਠਲੇ ਬੁਲ੍ਹ ਦੀ ਨੁਕਰੋਂ ਸਿਧੀ ਗਰਦਨ ਤੀਕ ਚਲੀ ਗਈ ਏ, ਇਹ ਕਿਰਮਚੀ ਲੀਕ।

ਗੀਹਾਨ—(ਮੁਸਕ੍ਰਾ ਕੇ) ਤੂੰ ਇਹ ਝੂਠ ਕਤਾਬਾਂ ਚੋਂ ਪੜ੍ਹਿਆ ਏ ਕੀ ?

ਨੌਜੁਆਨ--ਤੈਨੂੰ ਸਚ ਝੂਠ ਦੀ ਪਰਖ ਏ ਕਿਤੇ ?

ਗੀਹਾਨ--ਹਾਂ।

ਨੌਜੁਆਨ--ਕੀ ਭਲਾ ?

ਗੀਹਾਨ--ਇਹੋ, ਜੋ ਕੁਝ ਤੂ ਆਖਿਆ ਏ, ਝੂਠ ਏ !

ਨੌਜੁਆਨ--ਇਸ ਲਈ ਕਿ ਤੂੰ ਇਹਦਾ ਸਚ ਵੇਖ ਨਹੀਂ ਸਕਦੀ ?

ਗੀਹਾਨ--ਹਾਂ, ਏਸੇ ਲਈ। ਜਿਸ ਸਚ ਨੂੰ ਅਸੀਂ ਤਕ ਨਹੀਂ ਸਕਦੇ ਓਸੇ ਨੂੰ ਤਾਂ ਝੂਠ ਆਖਦੇ ਹਾਂ।

ਨੌਜੁਆਨ--(ਨੀਝ ਗਡ ਕੇ) ਤੇਰੀਆਂ ਗਲ੍ਹਾਂ ਤੇ ਕਈ ਨੀਲੇ ਘੇਰੇ, ਨਿਕੀਆਂ ਨਿਕੀਆਂ ਗੋਲਾਈਆਂ ਵਿਚ ਗੁਆਚ ਰਹੇ ਨੇ।

ਗੀਹਾਨ--ਤੂੰ ਇਉਂ ਕੰਬਦਾ ਕਿਉਂ ਪਿਐਂ ?

ਨੌਜੁਆਨ--ਕੰਬਣੀ ਮੇਰੀਆਂ ਨਸਾਂ ਵਿਚ ਥਰਕਦੀ ਏ, ਤੂੰ ਮੈਨੂੰ ਚਾਹ ਦੇਹ ਨ।

ਗੀਹਾਨ--ਹਾਂ...ਸਚ।

[ਅੰਦਰ ਜਾਂਦੀ ਹੈ ਤੇ ਦੂਜੀ ਕੋਠੜੀ ਚੋਂ ਕੇਤਲੀ ਲਿਆਉਂਦੀ ਹੈ। ਉਹ ਹਥ ਸੇਕਦਾ ਰਹਿੰਦਾ ਹੈ, ਤੇ ਜੇਬ ਚੋਂ ਕਢਕੇ ਇਕ ਸਿਗਰੇਟ ਲਾ ਲੈਂਦਾ ਹੈ, ਤੇ ਸੂਟਾ ਭਰਦਾ

ਹੈ। ਤੇ ਏਧਰ ਉਧਰ ਤਕਦਾ ਹੈ।

ਰੀਹਾਨ--ਅੰਦਰ ਅੰਗੀਠੀ ਤੇ ਉਬਲਦੀ ਸੀ (ਚਾਹ ਉਲਟਾਉਂਦੀ ਹੈ) ਹਾਏ ਏਹਦਾ ਰੰਗ ਤਾਂ ਕਾਲਾ ਸ਼ਾਹ ਹੋ ਗਿਆ ਏ!

ਨੌਜੁਆਨ--ਹਾਂ ਇਸ ਵਿਚੋਂ ਨੀਲੀ ਭਾਫ ਉਠਦੀ ਏ ਨੀਲੇ ਦਾਇਰਿਆਂ ਵਿਚ (ਉਹਦੀਆਂ ਗਲ੍ਹਾਂ ਵਲ ਵੇਖਦੇ ਹੋਏ) ਨਿਕੇ ਨਿਕੇ ਨੀਲੇ ਗੋਲ ਘੇਰਿਆਂ ਵਿਚ (ਘੁਟ ਭਰਕੇ) ਹਾਂ ਕਿੰਨੀ ਗਰਮ? ਹਲਕ ਤੋਂ ਸਿਧੀ ਮੇਰੇ ਗੁਠਿਆਂ ਤੀਕ ਲਥ ਆਈ ਏ।

ਰੀਹਾਨ--ਤੂੰ ਕਿਥੋਂ ਆਇਆ ਏਂ?

ਨੌਜੁਆਨ--ਮੇਰਾ ਖਿਆਲ ਏ ਚਾਹ ਪੀਕੇ ਮੇਰੀਆਂ ਨਸਾਂ ਵਿਚ ਨੀਲੇ ਖਿਆਲ ਉਭਰ ਆਉਣਗੇ, ਫੇਰ ਇਹ ਘਾਟੀਆਂ, ਇਹ ਦਰਖ਼ਤ ਇਹ ਪਹਾੜ,--ਮੈਂ ਸਭ ਪਾਰ ਕਰ ਲਵਾਂਗਾ।

ਰੀਹਾਨ--ਇਹ ਸੁਫ਼ੈਦ ਪਹਾੜ ਜੇਹੜਾ ਸਿਧਾ ਤੇ ਨਰਮ ਏ, ਆਪਣੇ ਹੇਠਾਂ ਬੜੀਆਂ ਚਟਾਨਾਂ ਲੁਕਾਈ ਖਲੋਤਾ ਏ, ਤੈਨੂੰ ਵੀ ਇਹ ਨਿਘਾਰ ਲਏਗਾ।

ਨੌਜੁਆਨ--(ਬੇ-ਪਰਵਾਹੀ ਨਾਲ) ਊਂਹ, ਮੈਂ ਇਕ ਨਿਕੀ ਜਿਹੀ ਚੰਗਿਆੜ ਬਣਕੇ ਬਰਫ਼ ਨੂੰ ਪੰਘਰਾ ਦਿਆਂਗਾ ਤੇ ਬਾਹਰ ਨਿਕਲ ਆਵਾਂਗਾ ਤਿਤਲੀ ਰੇਸ਼ਮ ਦੀਆਂ ਤਾਰਾਂ ਦਾ ਖਰੋਟ ਤੋੜਕੇ ਬਾਹਰ ਉਡ ਆਉਂਦੀ ਹੈ।

ਰੀਹਾਨ--ਤੂੰ ਬਹੁਤ ਦੂਰੋਂ ਆਇਆ ਏਂ?

ਨੌਜੁਆਨ--ਹਾਂ ਲਾਹੌਰੋਂ।

ਰੀਹਾਨ--ਉਹੀ ਲਾਹੌਰ ਜਿਹਦੇ ਹਾਲ ਅੱਬਾ ਬਹਾਰ ਦੀ ਦੁਪਹਿਰ ਨੂੰ ਸੁਣਾਇਆ ਕਰਦਾ ਏ ਜਦ ਇਹ ਵਾਦੀ ਮਧ-ਮਖੀਆਂ! ਦੀ ਅਵਾਜ਼ ਨਾਲ ਗੂੰਜ ਉਠਦੀ ਏ?

ਨੌਜੁਆਨ--ਹਾਂ।

ਰੀਹਾਨ--ਜਿਥੇ ਬਹੁਤ ਸਾਰੀਆਂ ਸਿਧੀਆਂ ਸੜਕਾਂ ਨੇ, ਸਿਧੀਆਂ, ਸਿਧੀਆਂ

ਤੇ ਬ_ਤ ਸਾਰੇ ਲੋਕ ?

ਨੌਜੁਆਨ--ਹਾਂ, ਅਠ ਲਖ, ਤੇ ਓਥੇ ਦਿਨ ਰਾਤ ਮੋਟਰਾਂ ਤੇ ਟਾਂਗੇ ਤੇ ਘੋੜੇ ਨਸਦੇ ਨੇ।

ਗੀਹਾਨ--ਰਾਤ ਨੂੰ ਵੀ ?

ਨੌਜੁਆਨ--ਹਾਂ, ਤੂੰ ਉਥੇ ਜਾਵੇਂਗੀ ?

ਗੀਹਾਨ--ਕਈ ਵਾਰ ਮੈਂ ਸੋਚਿਆ ਏ ਕਿ ਮੈਂ ਕਿਸੇ ਵਡੇ ਸ਼ਹਿਰ ਜਾਵਾਂ ਜਿਥੇ ਉਹ ਸਭ ਕੁਝ ਹੈ ਜੀਹਦਾ ਦੂਰੋਂ ਦੂਰੋਂ ਆਉਣ ਵਾਲੇ ਪਾਂਧੀ ਚਰਚਾ ਕਰਦੇ ਨੇ। ਜਿਥੇ ਉਚੀਆਂ ਟੀਸੀਆਂ ਵਾਲੇ ਸੁਨਹਿਰੀ ਮੀਨਾਰ ਹਨ, ਗੋਲ ਬੁਰਜਾਂ ਵਾਲੀਆਂ ਮਸਜਦਾਂ, ਤੇ ਗੋਲ ਗੋਲ ਥਮਲੇ ਜਿਨ੍ਹਾਂ ਉਤੇ ਹਜ਼ਾਰਾਂ ਰੰਗਾਂ ਦੀਆਂ ਲੀਕਾਂ ਹਨ ?

ਨੌਜੁਆਨ—ਹਾਂ, ਏਹ ਸਭ ਕੁਝ ਹੈ ਉਥੇ।

ਗੀਹਾਨ—ਉਥੇ ਰਾਤ ਨੂੰ ਬਰਫ ਦੀ ਸੁਫੈਦੀ ਨਹੀਂ ਹੁੰਦੀ ?

ਨੌਜੁਆਨ—ਨਹੀਂ, ਪਰ ਉਥੇ ਬਿਜਲੀ ਦੇ ਦੀਵੇ ਬਲਦੇ ਨੇ, ਜਿਸ ਨਾਲ ਸੁਰਮਈ ਸੜਕਾਂ ਲਿਸ਼ਕ ਉਠਦੀਆਂ ਨੇ।

ਗੀਹਾਨ—ਮੇਰੀਆਂ ਅਖਾਂ ਚੁੰਧਿਆ ਜਾਣਗੀਆਂ।

ਨੌਜੁਆਨ—ਨਹੀਂ, ਉਸ ਚਾਣਨੇ ਵਿਚ ਚਿਲਕੋਨ ਨਹੀਂ ਹੁੰਦੀ।

ਗੀਹਾਨ—ਕੀ ਉਥੇ ਬਰਫ਼ ਦੀਆਂ ਨੀਲੀਆਂ ਛਾਤੀਆਂ ਉਤੇ ਤਾਰਿਆਂ ਦੀ ਲੋ ਪਲਮਦੀ ਏ ?

ਨੌਜੁਆਨ—ਉਥੇ ਹਰ ਰੰਗ ਦੀ ਲੋ ਏ। ਤੇ ਲੰਮੇ ਸਿਧੇ ਬਜ਼ਾਰ ਤੇ ਦੁਕਾਨਾਂ ਤੇ ਉਚੇ ਸੁਫੈਦ ਘਰ ਜਿਵੇਂ ਬਰਫ਼ ਦੇ ਤੋਦੇ ਹੋਣ।

ਗੀਹਾਨ—ਪਰ ਅਬਾ ਨੇ ਮੈਨੂੰ ਜਾਣ ਨਹੀਂ ਦੇਣਾ, ਤੇ ਬਰਫ਼ ਦਾ ਦਿਉਤਾ ਨਰਾਜ਼ ਹੋ ਜਾਏਗਾ।

[ਇਕ ਮਿੰਟ ਦੋਵੇਂ ਚੁਪ ਰਹਿੰਦੇ ਹਨ ਫਿਰ ਗੀਹਾਨ ਤੀਲੇ ਨਾਲ ਅਗ ਫੋਲਦੀ ਏ।

ਗੀਹਾਨ—ਕੋਲੇ ਬੁਝ ਚਲੇ ਨੇ।

ਨੌਜੁਆਨ–ਹਾਂ।
ਗੀਹਾਨ–ਸੁਆਹ ਉਭਰ ਆਈ ਏ।
ਨੌਜੁਆਨ–ਰਹਿਣ ਦੇ।
ਗੀਹਾਨ–ਕਿਉਂ ?
ਨੌਜੁਆਨ–ਇਹ ਫਿਕਾ ਚਾਨਣਾ ਚੰਗਾ ਲਗਦਾ ਏ, ਕਮਰੇ ਦੀ ਇਹ ਹਨੇਰੀ ਚੁਪ ਚਾਂ ਜਿਸ ਉਤੇ ਅਗ ਦੀ ਬੁਝਦੀ ਲੋ ਬੁੜਬੁੜ ਉਂਦੀ ਹੈ।
ਗੀਹਾਨ–(ਕੁਝ ਸੋਚਦੇ ਹੋਏ) ਬਹੁਤ ਸਾਰੇ ਪਾਂਧੀ ਲਾਰਜੀ ਦੀ ਟੀਸੀ ਤੇ ਚੜ੍ਹਨ ਲਈ ਆਏ ਪਰ–
ਨੌਜੁਆਨ–ਪਰ ਮੈਂ ਜਾਵਾਂਗਾ।

[ਅੰਦਰ ਭੇਡ ਖੰਘਦੀ ਹੈ।

ਗੀਹਾਨ–(ਇਕ ਦਮ ਉਠਕੇ) ਆਹ, ਮੈਂ ਵੀ ਕਿਨੀ ਅਲਗ਼ਰਜ਼ ਹਾਂ ! ਭੇਡ ਲਈ ਬੂਟੀਆਂ ਪੀਹਣੀਆਂ ਭੁਲ ਗਈ। ਅਬਾ ਦੀ ਏਹ ਭੇਡ ਖੰਘ ੨ ਕੇ ਦਮ ਤੋੜ ਦਏਗੀ, ਤੇ ਮੈਂ ਗਲਾਂ ਵਿਚ ਹੀ ਰੁਝੀ ਰਹੀ। ਹਾਏ ਮੈਂ ਕਿਨੀ ਅਲ ਗਰਜ਼ ਹਾਂ, ਕਿਨੀ ਬੇਪਰਵਾਹ ! ਉਹ ਲੋਹਾ ਲਾਖਾ ਹੋ ਜਾਏਗਾ।
ਨੌਜੁਆਨ–(ਮਿੰਨਤ ਨਾਲ) ਹਾੜੇ ਥੋੜਾ ਚਿਰ ਹੋਰ ਬਹਿ ਜਾ।
ਗੀਹਾਨ–(ਬਹਿੰਦੇ ਹੋਏ) ਹਛਾ।
ਨੌਜੁਆਨ–ਤੇਰਾ ਨਾਉਂ ਕੀ ਏ ?
ਗੀਹਾਨ–ਗੀਹਾਨ।
ਨੌਜੁਆਨ–(ਉਸ ਵਲ ਨੀਝ ਗਡਕੇ) ਗੀਹਾਨ !
ਗੀਹਾਨ–ਹਾਂ।
ਨੌਜੁਆਨ–(ਕੰਬਦੀ ਅਵਾਜ਼ ਵਿਚ) ਤੂੰ ਆਪਣੀਆਂ ਉਂਗਲਾਂ ਮੈਨੂੰ ਆਪਣੇ ਹਥ ਵਿਚ ਫੜਾ ਦਏਂਗੀ ?
ਗੀਹਾਨ–(ਉਂਗਲਾਂ ਉਹਦੇ ਹਥ ਵਿਚ ਦੇਂਦੇ ਹੋਏ) ਕਿਉਂ ?
ਨੌਜੁਆਨ–ਮੇਰੇ ਹਥ ਬਹੁਤ ਠੰਡੇ ਨੇ।

ਗੀਹਾਨ–ਹੂੰ !

ਨੌਜੁਆਨ–ਮੇਰੀਆਂ ਉਂਗਲਾਂ ਦੇ ਪੋਟਿਆਂ ਤੇ ਠੰਡਾ ਧੂੰਆਂ ਉਤਰ ਆਇਆ ਏ। ਵੇਖ, ਅੰਗੀਠੀ ਦੀ ਅਗ ਬੁਝ ਚਲੀ ਏ। ਪਰ ਤੇਰਾ ਮੂੰਹ ਜੋ–ਜੋ ਸ਼ਾਇਦ ਅਧੀ ਰਾਤ ਦੀ ਬਰਫ਼ ਨਾਲ ਢਕੀ ਹੋਈ ਟੀਸੀ ਵਾਂਗ–ਨਹੀਂ, ਨਹੀਂ, ਖਬਰੇ ਮੈਂ ਗਲਤ ਕਹਿ ਰਿਹਾ ਹੋਵਾਂ! ਇਸ ਮਧਮ ਸੂਹੇ ਚਾਨਣ ਵਿਚ–ਮੇਰਾ ਖਿਆਲ ਹੈ ਤੇਰੇ ਬੁਲਾਂ ਦੇ ਹੇਠਾਂ ਤਣੀ ਹੋਈ ਲੀਕ ਹੋਰ ਵੀ ਉਘੜ ਆਈ ਏ, ਪਗਡੰਡੀ ਵਾਂਗ।

ਗੀਹਾਨ–ਕੀ, ਪਗਡੰਡੀ ?

ਨੌਜੁਆਨ–ਹਾਂ, ਜਿਵੇਂ ਹੁਣੇ ਡਿਗੀ ਬਰਫ ਤੇ ਕੋਈ ਸਜਰਾ ਟੁਰਿਆ ਹੋਵੇ।

ਗੀਹਾਨ–ਤੂੰ ਕੰਬਣਾਂ ਕਿਉਂ ਪਿਆ ਏਂ ?

ਨੌਜੁਆਨ–ਗੀਹਾਨ !

ਗੀਹਾਨ–ਹਾਂ।

ਨੌਜੁਆਨ–ਮੈਨੂੰ ਇੰਜ ਭਾਸਦਾ ਏ ਜਿਵੇਂ ਜਿਸ ਕੁਆਰੀ ਟੀਸੀ ਦੀ ਭਾਲ ਵਿਚ ਨਿਕਲਿਆ ਸਾਂ ਉਹ ਤੂੰ ਏਂ।

ਗੀਹਾਨ–ਮੈਂ ? (ਹਸਕੇ) ਏਹ ਤੂੰ ਕੀ ਆਖਣਾ ਏਂ ?

ਨੌਜੁਆਨ–ਹਾਂ, ਤੇ ਤੇਰੀਆਂ ਅਖਾਂ ਉਸ ਪਹਾੜ ਵਿਚ ਲੁਕੀਆਂ ਦੋ ਝੀਲਾਂ ਹਨ ਜਿਨ੍ਹਾਂ ਦੀਆਂ ਡੂੰਘਾਈਆਂ ਤੋਂ ਮੈਨੂੰ ਡਰ ਆਉਂਦਾ ਏ।

ਗੀਹਾਨ–ਤੂੰ ਓਹ ਗੱਲਾਂ ਕਰਦਾ ਏਂ ਜਿਹੜੀਆਂ ਕਦੇ ਕਦਾਈਂ ਭੇਰੂ ਬੰਸਰੀ ਵਿਚ ਗਾਂਵਿਆ ਕਰਦਾ ਏ।

ਨੌਜੁਆਨ–ਭੇਰੂ ? ਕੌਣ ?

ਗੀਹਾਨ–ਸਾਡੀਆਂ ਬਕਰੀਆਂ ਤੇ ਗਾਈਆਂ ਦਾ ਰਾਖਾ।

ਨੌਜੁਆਨ–ਓਹ...........?

ਗੀਹਾਨ–ਹਾਂ ਓਹ ਬੰਸੀ ਵੀ ਜਾਣਦਾ ਹੈ। ਏਨੀ ਜੇ ਕੋਈ ਰਾਹੀ ਸਫ਼ੇਦ ਢਾਲਾਂ ਤੇ ਰਾਹ ਭੁਲ ਜਾਵੇ ਤਾਂ ਓਹਦੀ ਬੰਸੀ ਦੀ ਅਵਾਜ਼ ਤੋਂ ਬਰਫ ਦਾ ਦਿਓਤਾ ਰਾਹ ਦਸਣ ਲਈ ਪਹਾੜੋਂ ਥੱਲੇ ਉਤਰ

ਆਉਂਦਾ ਏ।

ਨੌਜਆਨ–(ਮੁਸਕ੍ਰਾ ਕੇ) ਹੂੰ........ਹੂੰ...........ਫੇਰ ਓਹੋ ਵਹਿਮ । ਪਹਾੜੀ ਲੋਕ ਬਹੁਤਾ ਕਰਕੇ ਵਹਿਮੀ ਹੁੰਦੇ ਹਨ।

ਗੀਹਾਨ–ਹਾਂ ਤੇ ਤੈਨੂੰ ਕੋਈ ਵਹਿਮ ਨਹੀਂ ?

ਨੌਜੁਆਨ--ਮੈਨੂੰ ? ਨਹੀਂ ਤਾਂ।

ਗੀਹਾਨ–(ਹਸ ਕੇ) ਇਹ ਵੀ ਤੇਰਾ ਵਹਿਮ ਏ। ਵਹਿਮ ਬਾਝੋਂ ਤੁਸੀਂ ਸ਼ਹਿਰੀਏ ਕਿਵੇਂ ਜਿਉਂਦੇ ਹੋ।

ਨੌਜੁਆਨ–ਕਿਉਂ, ਤੈਨੂੰ ਸ਼ਹਿਰੀਏ ਚੰਗੇ ਨਹੀਂ ਲਗਦੇ ?

ਗੀਹਾਨ–ਸ਼ਹਿਰੀਏ............ਮੈਨੂੰ ਚੰਗੇ ਲਗਦੇ ਨੇ।

ਨੌਜੁਆਨ–ਤੇ ਸ਼ਹਿਰ ?

ਗੀਹਾਨ–ਸ਼ਹਿਰ ਦਾ ਪਤਾ ਨਹੀਂ।

ਨੌਜੁਆਨ–ਤਾਂ ਫੇਰ ਤੂੰ ਸ਼ਹਿਰ ਚਲ ਨਾ, ਸ਼ਹਿਰ ਓਡਾ ਈ ਸੋਹਣਾ ਏ ਜੇਡੇ ਓਥੋਂ ਦੇ ਲੋਕ।

ਗੀਹਾਨ–ਓਥੇ ਹਨੇਰਾ ਨਹੀਂ ਹੁੰਦਾ ?

ਨੌਜੁਆਨ–ਨਹੀਂ ਤਾਂ.........ਬਿਜਲੀ ਦੇ ਲਾਟੂ ਜਦੋਂ ਪੀਲੇ ਸੂਹੇ ਚਾਨਣ ਨਾਲ ਜਗ ਉਠਦੇ ਹਨ, ਤਾਂ ਹਨੇਰਾ ਨਸ ਜਾਂਦਾ ਏ।

ਗੀਹਾਨ–ਤਾਂ ਓਥੇ ਡੂੰਘੀਆਂ ਖਡਾਂ ਨਹੀਂ?

ਨੌਜੁਆਨ–ਬਸ ਮੇਰੇ ਦਿਲ ਅੰਦਰ ਅਥਾਹ ਹਨੇਰਾ ਏ।

ਗੀਹਾਨ–ਮੈਨੂੰ ਹਨੇਰੇ ਤੋਂ ਡਰ ਆਉਂਦਾ ਏ।

ਨੌਜੁਆਨ–ਤੂੰ ਕਦੇ ਦਰਖਤਾਂ ਦੇ ਪਤਿਆਂ ਹੇਠਾਂ ਸਿਆਹੀ ਸੁਫੈਦੀ ਨੂੰ ਝਗੜਦਿਆਂ ਨਹੀਂ ਤਕਿਆ ? ਜੇ ਚਾਨਣਾ ਤੇ ਹਨੇਰਾ ਹਰ ਵੇਲੇ ਨ ਬਦਲਦੇ ਰਹਿਣ ਤਾਂ ਤੂੰ ਸਾਹ ਵੀ ਕਿਵੇਂ ਲੈ ਸਕਨੀ ਏ? (ਓਹਦੇ ਨੇੜੇ ਝੁਕ ਕੇ) ਮੈਨੂੰ ਤੇਰੇ ਨਾਲ ਪਿਆਰ ਏ!

ਗੀਹਾਨ–ਪਰ ਮੈਂ ਤਾਂ ਪਿਆਰ ਨਹੀਂ ਜਾਣਦੀ।

ਨੌਜੁਆਨ–ਆਹ......ਲਾਰਜੀ ਦੀ ਅਛੂਤੀ ਟੀਸੀ ਵਾਂਗ! ਪਰ ਜਦ ਖੁਸ਼ਬੂ

ਹਵਾ ਦੀਆਂ ਲਹਿਰਾਂ ਨਾਲ ਚੰਬੜ ਕੇ ਨਸ ਵਗਦੀ ਏ, ਅਣਜਾਣ ਹਵਾ ਨਾਲ — ਤਾਂ ਕੀ ਓਹਨੂੰ ਹਵਾ ਨਾਲ ਪਿਆਰ ਹੁੰਦਾ ਏ? ਕੀ ਖੁਸ਼ਬੂ ਨੂੰ ਪਤਾ ਹੁੰਦਾ ਏ ਕਿ ਇਹੋ ਪਿਆਰ ਏ?

ਰੀਹਾਨ—ਹਛਾ, ਮੈਂ ਪਿਆਰ ਸਿਖ ਸਕਾਂਗੀ?

ਨੌਜੁਆਨ—ਹਾਂ। ਜਦ ਤੂੰ ਪਹਾੜ ਦੇ ਕਿੰਗਰੇ ਤੋਂ ਝੁਕ ਕੇ ਦੂਜੇ ਪਾਸੇ ਤਕੇਂਗੀ ਤਾਂ ਸਿਪ ਵਾਂਗ ਤੇਰਾ ਮੂੰਹ ਪਿਆ ਦੀ ਝਗ ਨਾਲ ਨਿਖਰ ਆਵੇਗਾ। ਤੂੰ ਕੰਢੇ ਤੇ ਖਲੋ ਕੇ ਦੂਜੇ ਬਨੇ ਤਕ ਸਕਨੀ ਏਂ?

ਰੀਹਾਨ--ਕਈ ਵਾਰ ਮੈਂ ਸੋਚਿਆ ਏ ਕਿ ਮੈਂ ਵੇਖ ਸਕਨੀ ਹਾਂ। ਜਦ ਮੈਂ ਆਪਣੀ ਪੀਲੀਆਂ ਅਖਾਂ ਵਾਲੀ ਬਕਰੀ ਨੂੰ ਕਿਸੇ ਚਿਟਾਨ ਤੋਂ ਝੁਕ ਕੇ ਫੜਨ ਲਗਨੀ ਆਂ ਤਾਂ ਮੇਰਾ ਕਾਲਜਾ ਧਕ ਧਕ ਕਰਨ ਲਗ ਪੈਂਦਾ ਏ ਤੇ ਮੈਂ ਮਹਿਸੂਸ ਕਰਦੀ ਹਾਂ ਕਿ............

ਨੌਜੁਆਨ—ਤੂੰ ਏਥੇ ਬਸ ਪੀਲੀਆਂ ਅਖਾਂ ਵਾਲੀ ਬਕਰੀ ਨੂੰ ਹੀ ਫੜਦੀ ਰਵ੍ਹੇਂਗੀ—ਏਥੇ ਜਿਥੇ ਦਾ ਸਫੇਦ ਪਹਾੜ ਇਕ ਅਮੁਕ ਖ਼ਲਾ ਏ, ਇਕ ਬੇਅਰਥ ਥਕੇਵਾਂ।

ਰੀਹਾਨ—ਤਾਂ ਤੂੰ ਏਸ ਪਹਾੜ ਤੋਂ ਏਡੀ ਛੇਤੀ ਅੱਕ ਗਿਐਂ।

ਨੌਜੁਆਨ- ਹਾਂ ਚੋਟੀ ਤੇ ਪੁੱਜ ਕੇ ਪਹਾੜ ਇਕ ਅਕਾ ਦੇਣ ਵਾਲੀ ਨਿਵਾਣ ਮਹਿਸੂਸ ਹੋਣ ਲਗਦਾ ਏ।

ਰੀਹਾਨ—ਬਾਹਰ ਹੁਣ ਹਵਾ ਸੌਂ ਚੱਲੀਏ, ਅੱਬਾ ਦੁਧ ਫੜੀ ਆਉਂਦਾ ਹੋਵੇਗਾ।

ਨੌਜੁਆਨ—ਕੀ ਤੂੰ ਏਸ ਅਨੀਂਦਰੇ ਵਿਚ ਝੱਗ ਤੇ ਪਬ ਧਰਦੀ ਮੇਰੇ ਨਾਲ ਟੁਰੇਂਗੀ?

ਰੀਹਾਨ—ਕਿਥੇ?

ਨੌਜੁਆਨ—ਏਸ ਪਹਾੜ ਤੋਂ ਪਰੇਰੇ ਮੈਦਾਨਾਂ ਵਿਚ ਜਿਥੇ ਸੂਰਜ ਦੀਆਂ ਕਿਰਨਾਂ ਦੇ ਜਾਲ ਅੰਦਰ ਅਨੇਕਾਂ ਸ਼ਹਿਰ ਤੇ ਲੋਕ ਏਧਰ ਓਧਰ ਉਡਦੇ ਫਿਰਦੇ ਹਨ।

ਚਿਰ ਸਟੇਜ ਖਾਲੀ ਰਹਿੰਦੀ ਹੈ। ਕਦੇ ਕਦੇ ਭੇਡ ਖੰਘ ਪੈਂਦੀ ਹੈ। ਬਾਹਰ ਤੂਫਾਨ ਦੀ ਹੂ.......ਹੂ.........ਤੇਜ਼ ਹੋ ਜਾਂਦੀ ਹੈ।

ਸ਼ੇਖੂ ਅੰਦਰ ਆਉਂਦਾ ਹੈ। ਉਹਦੀਆਂ ਅੱਖਾਂ ਅੰਦਰ ਨੂੰ ਵੜੀਆਂ ਹੋਈਆਂ ਹਨ ਤੇ ਗਲ੍ਹਾਂ ਤੇ ਇਕ ਚਿੱਟੀ ਚਮਕ ਹੈ। ਉਸ ਇਕ ਬਹੁਤ ਲੰਮਾ ਚੋਗਾ ਪਾਇਆ ਹੋਇਆ ਹੈ, ਤੇ ਉਹ ਚੀਜ਼ਾਂ ਵਲ ਇੰਜ ਤਕਦਾ ਹੈ ਜਿਵੇ ਸੁੰਘਦਾ ਹੋਵੇ। ਉਸ ਹਥ ਵਿਚ ਚੰਮ ਦਾ ਇਕ ਵੱਡਾ ਕੁੱਪਾ ਫੜਿਆ ਹੋਇਆ ਹੈ ਜਿਹੜਾ ਦੁਧ ਨਾਲ ਛਲਕ ਰਿਹਾ ਹੈ।

ਸ਼ੇਖੂ—(ਕੁੱਪਾ ਫ਼ਰਸ਼ ਤੇ ਟਕਾ ਕੇ) ਉਫ਼—ਫ਼—ਫ਼—(ਮੱਥੇ ਦਾ ਮੁੜਕਾ ਪੂੰਝ ਕੇ ਤੇ ਸਿੰਘ ਨੂੰ ਲੰਮੇ ਖੰਘੂਰੇ ਨਾਲ ਸਾਫ਼ ਕਰਕੇ) ਪੁਤ ਰੀਹਾਨ—, ਰੀਹਾਨ! ਕੋਠਾ ਨਿੱਘਾ ਏ, ਨਿਘਾ ਏ— ਉਫ਼—ਫ਼—ਫ਼— ਰੀਹਾਨ ਪੁਤ—ਲੈ (ਆਪਣੇ ਹਥ ਮਲਕੇ) ਵਿਚਾਰੀ ਉਡੀਕਦੀ ਉਡੀਕਦੀ ਸੌਂ ਗਈ ਹੋਵੇਗੀ, ਕਿੰਨੀ ਠਾਰੀ ਏ! ਕੁੱਲੀ ਦੀਆਂ ਇਨਾਂ ਭੀਤਾਂ'ਚੋਂ ਵੀ ਠੰਡ ਝਰ ਝਰ ਅੰਦਰ ਆਉਂਦੀ ਏ। (ਇਕ ਤ੍ਰੇੜ ਵਿਚ ਬੋਰੀ ਦਾ ਪਰਫ਼ ਬੁਨ ਕੇ) ਅਜ ਤਾਂ ਮੈਂ ਤਿਲਕ ਈ ਪਿਆ ਸਾਂ—ਤੇ ਖੂੰਡੀ ਵੀ ਘਰ ਈ ਭੁਲ ਗਿਆ—ਉਫ਼......ਫ਼.......ਫ਼ (ਅੰਗੀਠੀ ਕੋਲ ਆ ਕੇ) ਹੂੰ। ਹੋ ਹੋ—ਓਹ ਭੇਰੂ—(ਦੋ ਮੁੜਿਆਂ ਨੂੰ ਕੋਲੋਂ ਕੋਲ ਵੇਖ ਕੇ) ਦੋਵੇਂ ਬੈਠੇ ਗੱਪਾ ਮਾਰਦੇ ਹੋਣਗੇ—ਦੋਵੇਂ—ਪਰ ਰੀਹਾਨ—

[ਅੰਦਰੋਂ ਭੇਡ ਮਿਆਂਕਦੀ ਹੈ

ਘੋਰੇ ਅੰਦਰ ਹੋਵੇ।

[ਅੰਦਰ ਜਾਂਦਾ ਹੈ।

ਏਥੇ ਤਾਂ ਕੋਈ ਵੀ ਨਹੀਂ। ਓਹ ਕਿਧਰ ਗਈ? ਏਸ ਪਾਲੇ ਵਿਚ ਮਰਨੀ ਰਤਾ ਨਹੀਂ ਡਰਦੀ। ਉਪਰੋਂ ਏਡਾ ਪੋਹ ਉਤਰਿਆ ਏ, ਤੇ

ਰੀਹਾਨ–ਰਾਤੀਂ ਵੀ ?

ਨੌਜੁਆਨ–ਹਾਂ–ਰਾਤ ਨੂੰ ਵੀ।

ਰੀਹਾਨ–ਪਰ ਅਬਾ ਮੈਨੂੰ ਜਾਣ ਨਹੀਂ ਦੇਵੇਗਾ–ਮੈਨੂੰ ਡਰ ਆਉਂਦਾ ਏ।

ਨੌਜੁਆਨ–ਆਹ ਮੇਰੀ ਸੁਹਲ ਕਾਟੋ। ਤੂੰ ਕਿਸ ਕੋਲੋਂ ਡਰਨੀ ਏਂ ?

ਰੀਹਾਨ–ਬਰਫ ਦਾ ਦਿਓਤਾ ਏਸ ਘਾਟੀ ਦੀ ਰਾਖੀ ਬਹਿੰਦਾ ਏ ਤੇ ਫੇਰ ਭੇਰੂ, ਓਹਦੀ ਬੰਸਰੀ ਦੀ ਵਾਜ ਦਰਖਤਾਂ ਪਰਬਤਾਂ ਤੇ ਵਿਥਾਂ ਚੀਰ ਕੇ ਮੇਰਾ ਪਿਛਾ ਕਰੇਗੀ।

ਨੌਜੁਆਨ–ਪਰ ਸ਼ਹਿਰ ਵਿਚ ਏਨਾ ਰੌਲਾ ਏ, ਏਨਾ ਚਾਨਣਾ ਤੇ ਏਨਾ ਕੱਠ ਏ ਕਿ ਬਰਫ ਦੀਆਂ ਮਰਮਰਾਂਦੀਆਂ ਵਾਜਾਂ ਦਬ ਕੇ ਚੁਪ ਰਹਿ ਜਾਣਗੀਆਂ।

ਰੀਹਾਨ–ਪਰ ਅੱਬਾ............

ਨੌਜੁਆਨ–ਓਹ ਹਾਲਾਂ ਦੁਧ ਚੋ ਕੇ ਨਹੀਂ ਪਰਤਿਆ। ਸਖ਼ਤ ਬਰਫ ਨਾਲ ਓਹਦੇ ਕਨ ਸੁਨ ਹੋ ਗਏ ਹੋਣਗੇ ਤੇ ਓਹ...........।

ਰੀਹਾਨ–(ਕਨ ਚੁਕ ਕੇ) ਸੁਣ......ਸ਼ੈਦ ਭੇਰੂ ਪਿਆ ਆਉਂਦਾ ਏ, ਇਹ ਓਸੇ ਦੀ ਬੰਸੀ ਦੀ ਵਾਜ ਏ। ਓਹ–ਆਉਂਦਾ ਏ, ਤੂੰ ਪਛਾੜੀ ਕੋਠੜੀ 'ਚ ਜਿਥੇ ਭੇਡ ਖੰਘਦੀ ਏ ਜਾਕੇ ਪੈ ਜਾ। ਲੈ ਫੜ ਆਪਣਾ ਕੋਟ, ਇਹਦੀ ਬਰਫ ਪੰਘਰ ਕੇ ਇਹਦੀਆਂ ਵਟਾਂ 'ਚ ਤਿਲਕ ਗਈ ਏ, ਲੈ ਫੜ।

ਨੌਜੁਆਨ–ਤੇ ਤੂੰ ?

ਰੀਹਾਨ–ਹਾਂ ਮੈਂ ਚਲਾਂਗੀ, ਤੂੰ ਜਾਹ, ਜਾਹ।

[ਓਹ ਚਲਿਆ ਜਾਂਦਾ ਹੈ

ਦਰਵਾਜ਼ੇ ਵਲੋਂ ਭੇਰੂ ਅੰਦਰ ਵੜਦਾ ਹੈ। ਓਹ ਕੁਝ ਗੁਣ ਗੁਣਾ ਰਿਹਾ ਹੈ। ਓਹਦਾ ਮੂੰਹ ਚੌੜਾ ਤੇ ਵਡਾ ਹੈ ਤੇ ਓਹਦੇ ਬੁਲਾਂ ਉਤੇ ਪਤਲੀਆਂ ਭੂਰੀਆਂ ਮੁਛਾਂ ਫੈਲੀਆਂ ਹੋਈਆਂ ਹਨ। ਓਸ ਇਕ ਝਗਾ ਪਾਇਆ

ਹੋਇਆ ਹੈ ਜਿਸ ਉਤਲੀ ਪਾਟੀ ਵਾਸਕਟ ਦੇ ਦੋ ਬਟਨ ਟੁਟੇ ਹੋਏ ਹਨ। ਸਿਰ ਉਤੇ ਇਕ ਬਿਨ ਸ਼ਕਲ ਦਾ ਟੋਪਾ ਹੈ।

ਓਹਦੇ ਖਬੇ ਹਥ ਵਿਚ ਇਕ ਛੋਟੀ ਜਿਹੀ ਗੰਢੜੀ ਹੈ ਤੇ ਇਕ ਦਾਤ੍ਰੀ, ਤੇ ਸੱਜੇ ਵਿਚ ਬੰਸਰੀ।

ਭੇਰੂ—ਆਹ ਰੀਹਾਨ ! ਤੂੰ ਹਾਲਾਂ ਤੀਕਰ ਪਈ ਜਾਗਨੀ ਏਂ ?

ਰੀਹਾਨ—ਹਾਂ--ਮੈਂ ਤੈਨੂੰ ਉਡੀਕਦੀ ਸਾਂ ਤੇ ਅੱਬਾ ਨੂੰ।

[ਆਪਣਾ ਸਰੀਰ ਛੰਡ ਕੇ ਕਪੜਿਆਂ ਤੇ ਡਿਗੀ ਬਰਫ ਨੂੰ ਝਾੜਦਾ ਹੈ।

ਭੇਰੂ—ਹਛਾ, ਹਾਲ ਤੀਕਰ ਨਹੀਂ ਆਇਆ ਚਾਚਾ ?

ਰੀਹਾਨ—ਬਰਫ਼ ਵੀ ਕਿਨੀ ਪਈ ਏ, ਖਬਰੇ ਰਾਹ ਵਿਚ ਕਿਤੇ—

ਭੇਰੂ—ਨਹੀਂ ਨਹੀਂ ਉਹ ਸਾਰੇ ਰਾਹਾਂ ਤੋਂ ਜਾਣੂ ਏ ।

ਰੀਹਾਨ—ਹਲਾ, ਤੂੰ ਇਹ ਸਭ ਕੁਝ ਧਰ ਦੇਹ, ਤੇ ਚਾਹ ਪੀ—

ਭੇਰੂ—ਮੈਂ ਕੁਝ ਆਂਡੇ ਤੇ ਮੱਖਣ ਆਂਦਾ ਏ।

ਰੀਹਾਨ—ਲਿਆ, ਕਿੰਨੇ ਨੇ ?

ਭੇਰੂ—(ਆਂਡੇ ਫੜਾਉਂਦਾ ਹੋਇਆ) ਚਾਰ।

ਰੀਹਾਨ—ਅਗ ਬੁਝ ਚੱਲੀ ਏ। ਮੈਂ ਜਲਾਉਨੀ ਹਾਂ--

[ਫੂਕਾਂ ਮਾਰਦੀ ਹੈ। ਭੇਰੂ ਬਹਿ ਜਾਂਦਾ ਹੈ। ਰੀਹਾਨ ਉਹਨੂੰ ਰੋਟੀ ਦੇਂਦੀ ਹੈ।

ਭੇਰੂ—(ਰੋਟੀ ਚਬੋਲਦਾ ਹੋਇਆ) ਤੂੰ ਅਜ ਬਿਜਲੀ ਦੀ ਕੜਕ ਸੁਣੀ ਸੀ, ਪਹਾੜ ਦੇ ਪੱਛੋਂ ਵਲ ?

ਰੀਹਾਨ—ਨਹੀਂ ਤਾਂ।

ਭੇਰੂ—ਇੰਝ ਜਾਪਦਾ ਸੀ ਜਿਵੇਂ ਪਰਬਤ ਦਿਉਤਾ ਜ਼ੋਰ ਜ਼ੋਰ ਦੀ ਹਸਦਾ ਹੋਵੇ, ਤੇ ਫੇਰ ਬੱਦਲ ਉੱਚੀ ਉੱਚੀ ਗੜ੍ਹਕਣ ਲਗ ਪਏ।

ਰੀਹਾਨ—ਨਹੀਂ, ਪਤਾ ਨਹੀਂ, ਖਬਰੇ ਮੈਂ ਅਗ ਸੇਕਦਿਆਂ ਸੇਕਦਿਆਂ

ਸੌਂ ਗਈ ਹੋਵਾਂ, ਯਾ ਖੌਰੇ ਕੋਈ ਸੁਫ਼ਨਾ ਤਕ ਰਹੀ ਹੋਵਾਂ।

ਭੇਰੂ—ਆਥਣ ਦੇ ਸੁਫ਼ਨੇ ਚੰਗੇ ਨਹੀਂ ਹੁੰਦੇ। ਪਰ ਤੂੰ ਕੁਝ ਖਾਧਾ ਨਹੀਂ— ਲੈ ਫੜ ਰੋਟੀ—

ਗੀਹਾਨ—(ਰੋਟੀ ਦਾ ਟੁਕਰ ਚਬਦੀ ਹੋਈ) ਅੱਛਾ ਭੇਰੂ ਕਦੇ੨ ਮੈਂ ਸੋਚਦੀ ਹਾਂ—

ਭੇਰੂ—(ਇਕ ਦਮ ਰੁਕ ਕੇ) ਇਹ ਦਾਲ ਚੁਗ ਕੇ ਨਹੀਂ ਸੀ ਚਾੜ੍ਹੀ? ਰੋੜ ਈ ਰੋੜ ਪਏ ਨੇ ਵਿਚ—

ਗੀਹਾਨ—(ਉਸ ਦੀ ਗਲ ਸੁਣੀ ਅਨ ਸੁਣੀ ਕਰਕੇ) ਕਦੇ ਕਦੇ ਮੈਂ ਸੋਚਦੀ ਹਾਂ ਭੇਰੂ ਜੇ ਕਿਤੇ ਮੈਂ ਸ਼ਹਿਰ ਜਾ ਸਕਦੀ.........!

ਭੇਰੂ—ਸ਼ਹਿਰ! ਤੂੰ ਤਾਂ ਸੁਦੈਣ ਏਂ।

ਗੀਹਾਨ—ਹਾਂ, ਮੈਂ ਇਹ ਮੋਟੇ ਟੁਕਰ ਚਿਥਦੀ ਚਿਥਦੀ.........ਨਿਤ ਦਿਹਾੜੇ ਦੁਧ ਨਾਲ ਇਹ ਕਾਲੀ ਲਕੜ ਨਘਾਰਦੇ ਨਘਾਰਦੇ ਅੱਕ ਗਈ ਆਂ।

ਭੇਰੂ—ਪਰ ਭੋਲੀਏ, ਸ਼ਹਿਰ ਦੇ ਪਾਣੀਆਂ ਵਿਚ ਐਡੀ ਤ੍ਰੇਹ ਤੇ ਭੁਖ ਐ ਕਿ ਤੂੰ ਤੜਫ਼ ਤੜਫ਼ ਕੇ ਮਰ ਜਾਵੇਂਗੀ।

ਗੀਹਾਨ—ਹਾਂ—(ਇਰਾਦੇ ਭਰੀ ਅਵਾਜ਼ ਵਿਚ) ਮੈਂ ਤੜਫ਼ਨਾ ਚਾਹਨੀ ਆਂ। ਤੜਫ਼ਨ ਵਿਚ ਸਾਹ ਏ, ਜਾਨ ਏ—

ਭੇਰੂ—ਤੇ ਨਾਲੇ ਮੌਤ।

ਗੀਹਾਨ—ਹਾਂ—ਮੌਤ ਵੀ ਜ਼ਰੂਰੀ ਏ, ਏਥੇ ਤੇ ਨਾ ਜ਼ਿੰਦਗੀ ਏ ਨਾ ਮੌਤ।

ਭੇਰੂ—ਪਰ ਮੈਂ ਤੈਨੂੰ ਪਿਆਰ ਕਰਦਾ ਆਂ।

ਗੀਹਾਨ—ਮੈਨੂੰ ਤਾਂ ਨਹੀਂ ਪਤਾ।

ਭੇਰੂ—ਤੂੰ ਇਹਨਾਂ ਸੁਹਣੀਆਂ ਚਟਾਨਾਂ ਨੂੰ ਛਡ ਕੇ ਕਿਵੇਂ ਜਾਵੇਂਗੀ?

ਗੀਹਾਨ—ਇੰਨਾਂ ਦੀਆਂ ਨੋਕਾਂ ਮੈਨੂੰ ਚੁਭਦੀਆਂ ਹਨ।

ਭੇਰੂ—ਤੇ ਇਹ ਚਿੱਟੀ ਚਿੱਟੀ ਬਰਫ਼?

ਗੀਹਾਨ—ਸਖਣੀਆਂ ਅਖਾਂ ਵਾਂਗ, ਜਿਨ੍ਹਾਂ ਦੀ ਤਕਣੀ ਵਕਤ ਦੇ ਖਲਾ ਵਿਚ ਤਕਦੇ ਤਕਦੇ ਮਿਟ ਚੁੱਕੀ ਹੋਵੇ।

ਭੇਰੂ—ਤੂੰ ਤਾਂ ਝੱਲੀ ਏਂ, ਚਾਹ ਲਿਆ, ਚਾਹ।

ਰੀਹਾਨ—ਲੈ ਫੜ।

ਭੇਰੂ—ਤੂੰ ਏਡੀ ਚੁਪ ਕਿਉਂ ਏਂ ?

ਰੀਹਾਨ—ਏਸ ਵਾਦੀ ਦੇ ਜੱਫੇ ਤੋਂ ਜਿਹੜਾ ਮੈਨੂੰ ਇਕ ਸਫੇਦ ਜਾਲ ਵਾਂਗ ਨੂੜੀ—

ਭੇਰੂ—ਤੂੰ ਮਹਾਂ-ਪਰਬਤ ਨੂੰ ਏਸ ਤਰ੍ਹਾਂ ਆਖਣੀ ਏਂ ?

ਰੀਹਾਨ—(ਫੈਲਰੀ ਅਵਾਜ਼ ਵਿਚ) ਹਾਂ—ਹਾਂ।

ਭੇਰੂ—ਤੂੰ ਇਨ੍ਹਾਂ ਪਰਬਤਾਂ ਦੀ ਬਰਫ ਪੀਤੀ ਏ, ਤੂੰ ਮੇਰੇ ਕੋਲ ਰਹਿ, ਮੈਂ ਤੈਨੂੰ ਤਾਰਿਆਂ ਦੀ ਲੋ ਹੇਠ ਬਨਸਰੀ ਸੁਣਾਇਆ ਕਰਾਂਗਾ।

ਰੀਹਾਨ—ਤਾਰਿਆਂ ਦੀ ਠੰਢ ਤੇ ਬਰਫ ਦੀ ਏਸ ਸੀਤ ਛੋਹ ਨਾਲ ਮੇਰੇ ਸੁਫਨੇ ਕੁੰਗੜੇ ਪਏ ਨੇ। ਏਸ ਪਰਬਤ ਤੋਂ ਪਾਰ—ਹਾਏ ਜੇ ਮੈਂ ਕਿਤੇ ਜਾ ਸਕਦੀ! ਜਿਥੇ ਸ਼ਹਿਰ ਨੇ ਤੇ ਜਿਥੋਂ ਦਾ ਨੀਲਾ ਅੰਬਰ ਚਿਲ-ਕਦੇ ਰੰਗਾਂ ਵਿਚ ਧਰਤੀ ਤੇ ਉਲਰਿਆ ਪਿਆ ਏ—

ਭੇਰੂ—ਸ਼ਹਿਰ ਦਾ ਇਹ ਚਾਨਣਾ ਤੇਰੇ ਸੁਫਨਿਆਂ ਦੇ ਖੰਭ ਸਾੜ ਸੁਟੇਗਾ।

ਰੀਹਾਨ—ਨਹੀਂ--ਮੈਂ ਹੁਣ ਏਸ ਚਾਨਣੇ ਤੋਂ ਨਹੀਂ ਡਰਦੀ। ਮੈਂ ਵਕਤ ਦੀ ਏਸ ਦਲਦਲ ਵਿਚ ਫਸੀ ਹੰਭ ਗਈ ਆਂ ਜਿਥੇ ਪਲ ਤੇ ਘੜੀਆਂ ਵੇਲੇ ਦੀ ਸਫੈਦ ਘੁਮਣ ਘੇਰੀਆਂ ਵਿਚ ਥਕ ਕੇ ਬੁਲਬੁਲਿਆਂ ਵਿਚ ਦਮ ਤੋੜ ਦੇਂਦੀਆਂ ਹਨ।

ਭੇਰੂ--ਤਾਂ ਤੂੰ ਮੈਨੂੰ ਛਡ ਜਾਵੇਂਗੀ ਕੀ ?

ਰੀਹਾਨ--ਹਾਂ।

ਭੇਰੂ--(ਉਹਦੇ ਨੇੜੇ ਹੋਕੇ) ਮੈਂ ਤੈਨੂੰ ਪਿਆਰ ਕਰਦਾ ਹਾਂ।

ਰੀਹਾਨ--ਪਰਬਤ ਵਾਂਗ ਜਿਹੜਾ ਹਰ ਵੇਲੇ ਨਦੀ ਨੂੰ ਆਪਣੀ ਹਿਕ ਨਾਲ ਚੰਬੋੜੀ ਰਖਦਾ ਐ, ਤੇਰਾ ਪਿਆਰ ਡਾਢ੍ਹਾ ਏ!

ਭੇਰੂ--ਪਰ ਮੈਂ ਤੈਨੂੰ ਚਾਹੁੰਦਾ ਹਾਂ।

ਰੀਹਾਨ--ਹਵਾ ਵਾਂਗ ਜਿਹੜੀ ਦੀਵੇ ਦੀ ਲਾਟ ਨੂੰ ਬੋਚਣਾ ਚਾਹੁੰਦੀ ਏ।

ਤੇਰਾ ਪਿਆਰ ਮੌਤ ਦਾ ਸੁਨੇਹਾ ਏ।

ਭੇਰੂ–(ਅਗੇ ਨਿਓਂ ਕੇ) ਤੂੰ ਮੇਥੋਂ ਅਕ ਗਈ ਏਂ ?

ਰੀਹਾਨ--ਤੈਥੋਂ ਨਹੀਂ, ਆਪਣੇ ਆਪ ਤੋਂ।

ਭੇਰੂ–ਤੂੰ ਬਿਮਾਰ ਭੇਡ ਵਾਂਗ ਹੌਂਕਦੀ ਪਈ ਏਂ। ਤੇਰਾ ਸਾਹ ਐਡਾ ਤਜ ਕਿਉਂ ਵਗਦਾ ਏ? (ਉਸ ਦੇ ਮੋਢੇ ਹਲੂਣ ਕੇ) ਕੀ ਤੂੰ ਬਹੁਤ ਸੋਚਦੀ ਰਹੀ ਏਂ?

ਰੀਹਾਨ--ਮੈਨੂੰ ਛਡ ਦੇ।

ਭੇਰੂ–ਤੈਨੂੰ ਤਾਪ ਚੜ੍ਹਿਆ ਹੋਇਆ ਏ।

ਰੀਹਾਨ--ਹਾਂ।

ਭੇਰੂ–ਮੈਂ ਬੂਹਾ ਭੇੜ ਦਵਾਂ? ਹਵਾ ਫੇਰ ਤਿੱਖੀ ਵਗਨ ਲਗ ਪਈ ਏ।

ਰੀਹਾਨ--ਪਰ ਅੱਬਾ.........?

ਭੇਰੂ–ਸੁਣਨੀ ਏਂ? ਭੂਛਰੀ ਹੋਈ ਵਾ ਕਿਵੇਂ ਬਰਫ਼ ਦੇ ਰਦਿਆਂ ਨੂੰ ਘੜੀਸੀ ਫਿਰਦੀ ਏ।

ਰੀਹਾਨ–ਹਾਂ, ਚਾਹ ਪੀ ਤੇ ਛੇਤੀ ਜਾ ਕੇ ਅੱਬੇ ਦਾ ਪਤਾ ਕਰ, ਓਹ ਜ਼ਰੂਰ ਰਾਹ ਵਿਚ ਕਿਤੇ ਖੱਜਲ ਹੁੰਦਾ ਹੋਵੇਗਾ।

ਭੇਰੂ–ਰੀਹਾਨ! ਤੂੰ ਕਦੇ ਕਦੇ ਇਹੋ ਜਿਹੀਆਂ ਗਲਾਂ ਕਰਣ ਲਗ ਪੈਨੀ ਏਂ ਕਿ ਮੈਨੂੰ ਹੌਲ ਉਠ ਖਲੋਂਦਾ ਏ। ਸਚੀਂ--ਤੂੰ ਏਡੀ ਅਡੋਲ ਸੈਂ ਤੇ ਚੁਪ ਚਾਪ, ਜਿਵੇਂ ਬਸ ਹੁਣੇ ਈ ਸ਼ਹਿਰ ਨੂੰ ਟੁਰ ਵਗਨਾ ਹੋਵੇ। ਤੂੰ ਉੱਕਾ ਅਲ੍ਹੜ ਏਂ--ਤੇ......ਤੇ ਕੁਝ ਕੁਝ......ਮੈਂ ਕੀ ਆਖਨ ਲੱਗਾ ਸਾਂ......ਕੁਝ ਕੁਝ ਬਾਉਲੀ।

ਰੀਹਾਨ--ਹਲਾ, ਜਾ _ਣ ਤੂੰ।

ਭੇਰੂ–ਜੇ ਤੂੰ ਮੈਨੂੰ ਫੇਰ ਕਦੇ ਏਸ ਤਰ੍ਹਾਂ ਡਰਾਇਆ ਤਾਂ ਮੈਂ ਮਰ ਜਾਵਾਂਗਾ।

ਰੀਹਾਨ–ਕੀ ਇਹ ਪਰਬਤ ਮੁਰਦਾ ਹਨ?

ਭੇਰੂ–ਹਾਂ, ਜੇਕਰ ਇਨ੍ਹਾਂ ਅੰਦਰ ਵਗਦੀ ਨਦੀ ਨਾ ਹੋਵੇ ਤਾਂ ਇਹ ਪਹਾੜ ਕੀਨੇ? ਤੇ ਜੇ ਕਿਤੇ......ਤੂੰ ਚਲੀ ਗਈ.........

ਰੀਹਾਨ—(ਥੋੜਾ ਜਿਹਾ ਹੱਸ ਕੇ) ਮੈਂ ਨਹੀਂ ਜਾਵਾਂਗੀ, ਮੈਂ ਵੀ ਕਿਨੀਂ ਝੱਲੀ ਆਂ, ਐਵੇਂ ਈ ਪਤਾ ਨਹੀਂ ਕਿਉਂ ਮੈਂ ਕਦੇ ਕਦੇ ਜਾਨ ਦੀ ਮਥ ਬੈਠਦੀ ਹਾਂ......ਹਛਾ......ਤੂੰ ਜਾ—

[ਭੇਰੂ ਜਾਂਦਾ ਹੈ ਤੇ ਬੂਹਾ ਢੋ ਦੇਂਦਾ ਹੈ। ਰੀਹਾਨ ਥੋੜਾ ਚਿਰ ਏਧਰ ਓਧਰ ਘੁੰਮਦੀ ਹੈ। ਤੇ ਫੇਰ ਓਪਰੇ ਮੁੰਡੇ ਨੂੰ ਬਾਹਰ ਬਲਾਉਂਦੀ ਹੈ।

ਨੌਜੁਆਨ—(ਹਥ ਝਸਦਾ ˜ਇਆ) ਓਹ ਚਲਿਆ ਗਿਆ। ਆਪਾਂ ਵੀ ਚੱਲਾਂਗੇ ਹੁਣੇ ਜਿਊਰੀ ਦਾ ਪਿਹਾ ਲੰਘ ਕੇ।

ਰੀਹਾਨ—ਮੈਂ ਰਾਹ ਜਾਣਦੀ ਹਾਂ, ਚਲ।

ਨੌਜੁਆਨ—ਮੈਂ ਕੋਟ ਪਾ ਲਵਾਂ, ਤੇ ਤੂੰ......ਤੂੰ ਵੀ ਇਹ ਪਟਕਾ ਆਪਣੇ ਮੂੰਹ ਦੁਆਲੇ ਵਲ੍ਹੇਟ ਲੈ—(ਉਹਦੇ ਮੂੰਹ ਤੇ ਵਲ੍ਹੇਟ ਕੇ) ਆਹ, ਕਿੰਨੀ ਸੁਹਣੀ ਲਗਨੀ ਐਂ ਤੂੰ!

ਰੀਹਾਨ—ਅਸੀਂ ਏਸ ਪਰਬਤ ਦੇ ਪਾਰ ਜਾ ਕੇ............

ਨੌਜੁਆਨ—ਮੈਂ ਸੋਚਦਾ ਸਾਂ ਕਿ ਲਾਰਜੀ ਦੀ ਟੀਸੀ ਨੂੰ ਕੋਈ ਵੀ ਨਾ ਉਪੜ ਸਕੇਗਾ ਪਰ ਰੀਹਾਨ.. .........

ਰੀਹਾਨ—ਕਿਉਂ ?

ਨੌਜੁਆਨ—ਤੂੰ ਝੂਠ ਆਖਦੀ ਸੈਂ, ਤੁਹਾਡੇ ਪਹਾੜੀ ਵਹਿਮ ਤੇ ਤੁਹਾਡੇ ਦਿਓਤੇ--ਸਭੇ ਝੂਠ ਆਖਦੇ ਸਨ। ਲਾਰਜੀ ਦੀ ਟੀਸੀ, ਬਰਫਾਂ ਨਾਲ ਕੱਜੀ ਹੋਈ ਟੀਸੀ..........

ਰੀਹਾਨ--ਪਰ ਮੈਂ ਬਰਫ਼ ਦੇ ਦਿਓਤੇ ਤੋਂ ਡਰਦੀ ਆਂ।

ਨੌਜੁਆਨ—ਤੂੰ ਤਾਂ ਐਵੇਂ ਡਰਦੀ ਰਹਿਣੀ ਏਂ, ਚਲ ਚਲੀਏ।

[ਬੂਹਾ ਲੌਂਹਦਾ ਹੈ ਪਰ ਇਕ ਤਿਖਾ ਬੁੱਲਾ ਆਉਂਦਾ ਹੈ ਤੇ ਬੂਹਾ ਓਹਦੇ ਹਥੋਂ ਛੁਟ ਜਾਂਦਾ ਹੈ।

ਰੀਹਾਨ--ਛਡ ਪਰੇ, ਮੈਂ ਭੇੜਨੀ ਆਂ।

[ਬੂਹਾ ਭੇੜ ਕੇ ਦੋਵੇਂ ਬਾਹਰ ਚਲੇ ਜਾਂਦੇ ਹਨ। ਕੁਝ

ਅੰਤਾਂ ਦੀ ਬਰਫ਼! ਤੇ ਦਿਓਤਾ ਆਪਣੇ ਕ੍ਰੋਧ ਵਿਚ! ਉਫ਼...ਪਰ ਉਹ ਭੇਰੂ–, ਖੌਰੇ ਕਿਥੇ ਚਲੇ ਗਏ।

[ਆ ਕੇ ਮੂੜ੍ਹੇ ਤੇ ਬਹਿ ਜਾਂਦਾ ਹੈ। ਤੇ ਹਥ ਸੇਕਦਾ ਹੈ। ਫੇਰ ਖਲੋ ਜਾਂਦਾ ਹੈ।

ਕੁਝ ਵੀ ਤੇ ਉਗ ਸੁਘ ਨਹੀਂ, ਖੌਰੇ ਮੈਨੂੰ ਈ ਟੋਲਨ ਗਏ ਹੋਣ। ਦੋਵੇਂ ਈ ਲੋਲੜ ਹਨ। ਕੇਡਾ ਭਿਆਨਕ ਪੋਹ ਏ ਲਾਰਜੀ ਦੀ ਟੀਸੀ ਤੇ.........!

[ਬੂਹਾ ਲਾਹ ਕੇ ਭੇਰੂ ਅੰਦਰ ਵੜਦਾ ਹੈ। ਉਹਦੀ ਪਿਠ ਅੰਗੀਠੀ ਵਲ ਹੈ।

ਭੇਰੂ–(ਬੂਹਾ ਜੜਦੇ ਹੋਏ) ਕਿਤੇ ਨਹੀਂ ਮਿਲਿਆ। ਏਡੀ ਦੂਰ ਗਿਆ। ਅਗੇ ਸਰੋਲ ਦੀ ਚਟਾਨ ਤਕ ਵੇਖ ਆਇਆ ਹਾਂ ਪਰ ਚਾਚਾ ਕਿਤੇ ਨਾ ਮਿਲਿਆ–(ਬੰਦ ਬੂਹੇ ਨਾਲ ਢੋ ਲਾ ਕੇ) ਤੇ ਰੀਹਾਨ ਤੂੰ ਸੋਚਦੀ ਹੋਵੇਂਗੀ ਕਿ ਭੇਰੂ ਕਿਤੇ ਦੂਰ ਤੀਕਰ ਨਹੀਂ ਗਿਆ। ਮੈਂ ਤਾਂ......ਪਰ.........

ਸ਼ੇਖੂ–ਭੇਰੂ।

ਭੇਰੂ–ਹਾਂ ਚਾਚਾ......ਤੂ (ਅੱਗੇ ਵਧ ਕੇ) ਰਾਹ 'ਚ ਤਾਂ ਤੂੰ ਕਿਤੇ ਨਾ ਮਿਲਿਆ! ਰੀਹਾਨ ਬੜਾ ਫਿਕਰ ਕਰਦੀ ਸੀ। ਓਹ ਵਿਚਾਰੀ ਆਥਣ ਦੀ ਈ ਬੜੀ ਉਤਾਵਲੀ ਸੀ–ਤੇ ਜਦੋਂ ਮੈਂ ਆਇਆ ਤਾਂ ਮੈਨੂੰ ਵਾਰ ਵਾਰ ਪੁਛਦੀ ਸੀ–(ਹਸ ਕੇ) ਤੂੰ ਕਿਹੜੇ ਰਸਤੇ ਆਇਆ ਏਂ?

ਸ਼ੇਖੂ:–ਓਸੇ ਰਸਤੇ ਜਿਥੋਂ ਦੀ ਰੋਜ਼ ਆਉਂਦਾ ਹਾਂ।

ਭੇਰੂ:–ਠੀਕ–ਸ਼ੈਤ ਠੀਕ–ਬਰਫ਼ ਐਨੀ ਗਹਿਰੀ ਸੀ ਤੇ ਧੂੰ ਐਨਾ ਗਾੜ੍ਹਾ ਕਿ ਦੋ ਹਥ ਦੀ ਵਿਥ ਤੇ ਵੀ ਕੁਝ ਨਹੀਂ ਸੀ ਦਿਸਦਾ।

ਸ਼ੇਖੂ:–ਤੂੰ ਕਰਨ ਕੀ ਗਿਆ ਸੀ? ਮੈਂ ਇਨਾਂ ਰਸਤਿਆਂ ਨੂੰ ਭੁਲਿਆ ਆਂ ਕਿਤੇ। ਪਰ ਰੀਹਾਨ ਕਿਥੇ ਏ?

ਭੇਰੂ—ਏਥੇ ਈ--ਓਹ ਤੇਰੇ ਲਈ ਚਾਹ ਉਬਾਲਦੀ ਪਈ ਸੀ।

ਸ਼ੇਖੂ—ਏਥੇ ਤਾਂ ਕਿਤੇ ਨਹੀਂ।

ਭੇਰੂ—ਹੈਂ? ਮੈਂ ਓਹਨੂੰ ਏਥੇ ਛਡ ਕੇ ਗਿਆ ਸੀ।

ਸ਼ੇਖੂ—ਏਥੇ ਕਿਥੇ?

ਭੇਰੂ—ਏਥੇ, ਅੰਗੀਠੀ ਕੋਲ ਆਂਡੇ ਛਿਲਦੀ ਨੂੰ।

ਸ਼ੇਖੂ--(ਅੰਗੀਠੀ ਕੋਲ ਨਿਉਂ ਕੇ) ਹੈਂ? ਓਹ ਗਈ ਕਿਧਰ?

ਭੇਰੂ--(ਘਾਬਰ ਕੇ) ਅਜ ਓਹ, ਓਹ ਬੜੀ ਬੇਚੈਨ ਸੀ।

ਸ਼ੇਖੂ--ਕਿਉਂ?

ਭੇਰੂ--ਵਾਰ ਵਾਰ ਆਖਦੀ ਸੀ ਕਿ ਓਹਦਾ ਮਨ ਪਰਬਤੋਂ ਪਾਰ, ਬਰਫ਼ੋਂ ਦੂਰ ਕਿਤੇ ਸ਼ਹਿਰ ਜਾਨ ਲਈ ਲੋਚਦਾ ਏ।

ਸ਼ੇਖੂ--ਕੋਈ ਅਕਲ ਦੀ ਗਲ ਕਰ!

ਭੇਰੂ—ਓ ਬਾਬਾ, ਓਹ ਕਹਿੰਦੀ ਸੀ।

ਸ਼ੇਖੂ--ਪਰ ਤੂੰ ਓਹਨੂੰ ਏਥੇ ਛਡ ਕੇ ਗਿਆ ਸੀ?

ਭੇਰੂ—ਹਾਂ--

[ਅੰਗੀਠੀ ਕੋਲ ਝੁਕਦਾ ਹੈ।

(ਚੀਕ ਕੇ) ਚਾਚਾ।

ਸ਼ੇਖੂ—(ਕੰਬਕੇ) ਕਿਉਂ?

ਭੇਰੂ—ਸ਼ਹਿਰੀ--ਮੈਂ ਕਹਿਨਾ ਐਂ ਓਹ ਸ਼ਹਿਰੀ ਆਇਆ ਸੀ ਜਿਸਨੂੰ ਓਹ ਉਡੀਕਦੀ ਪਈ ਸੀ।

ਸ਼ੇਖੂ—ਕੌਣ?

ਭੇਰੂ—ਆਹ ਵੇਖ ਸਿਗਰਟਾਂ ਦੇ ਟੋਟੇ। ਓਹ ਚਲੀ ਗਈ।

ਸ਼ੇਖੂ—ਕਿਥੇ? ਕਿਥੇ? ਏਸ ਪਾਲੇ ਵਿਚ?

ਭੇਰੂ—ਹਾਂ।

ਸ਼ੇਖੂ—ਤੇ ਪਰਬਤ ਦੇ ਦਿਓਤੇ ਦੇ ਹਿਰਖ ਨੂੰ ਭੁਲ ਕੇ?

ਭੇਰ—ਹਾਹੋ! ਓਹ ਆਂਹਦੀ ਸੀ ਬਰਫ਼ ਦਾ ਦਿਓਤਾ ਅਡੋਲ ਏ ਤੇ ਚੁਪ ਚਾਂ।

[ਸ਼ੇਖੂ ਦੀਆਂ ਅੱਖਾਂ ਤੇ ਗਲ੍ਹਾਂ ਛਿਕੀਆਂ ਪੈ ਜਾਂਦੀਆਂ ਹਨ ਤੇ ਉਹ ਭਸਿਤਰਿਆ ਹੋਇਆ ਗੁਮ ਸੁਮ ਖਲੋਤਾ ਹੈ।

ਸ਼ੇਖੂ—ਹੈਂ ? ਬਰਫ਼ ਦੇ ਦਿਉਤੇ ਨੂੰ ਠੁਕਰਾ ਕੇ ? ਪਹਾੜ ਦੀ ਏਸ ਵਾਦੀ ਨੂੰ ਛਡਕੇ ?—ਮੈਨੂੰ ਕੁਝ ਨਹੀਂ ਸੁਝਦਾ—ਏਸ ਵੇਲੇ ਕੁਝ ਨਹੀਂ ਔੜਦਾ! ਮੈਨੂੰ ਵੀ ਭਾਸਦਾ ਏ ਕਿ ਓਹ ਚਲੀ ਗਈ !

[ਬਾਹਰ ਹਵਾ ਤੇ ਹਨੇਰੀ ਦਾ ਰੌਲਾ ਤੇਜ਼ ਹੋ ਜਾਂਦਾ ਹੈ।

ਭੇਰੂ—ਹਾਂ ।ਬਾਹਰ ਤੁਫਾਨ ਤਿਖੇਰਾ ਹੋ ਗਿਆ ਏ। ਜ਼ਰੂਰ—ਤੂਫ਼ਾਨ ਦੇ ਇਨ੍ਹਾਂ ਭਿਆਨਕ ਬੁਲਿਆਂ 'ਚ ਜਦੋਂ ਕਿ ਸਾਰੇ ਪਹਾੜ ਕੰਬ ਰਹੇ ਨੇ ਤੇ ਬਰਫ਼ ਦੇ ਟਿੱਭੇ ਉਥਲ ਪੁਥਲ ਹੋ ਰਹੇ ਨੇ—

[ਬਹੁਤ ਉੱਚੀ ਗੜ੍ਹਕ।

ਆਹ—ਬਰਫ਼ ਦਾ ਗੋਲਾ ਜਿਸ ਵਿਚ ਲਾਰਜੀ ਦੇ ਦਿਓਤਾ ਦਾ ਹਿਰਖ ਐ !

[ਕੜ ਕੜ ਕੜ ਦੀ ਅਵਾਜ਼

ਸ਼ੇਖੂ—(ਫੈਲਰੀ ਅਵਾਜ਼ ਵਿਚ) ਮੈਨੂੰ ਡੋਬ ਪੈਂਦੇ ਨੇ।

[ਅਚਾਣ ਚੱਕੀਂ ਇਕ ਸਨਸਣਾਉਂਦੇ ਧਮਾਕੇ ਦੀ ਅਵਾਜ਼

ਦੋਨੋਂ—(ਤ੍ਰਭਕ ਕੇ) ਹਾਹ—ਲਾਰਜੀ ਦਿਓਤਾ !

ਸ਼ੇਖੂ—(ਖਾਲੀ ਝਾਕਦਾ ਹੋਇਆ) ਓਹ ਨਹੀਂ ਜਾ ਸਕਦੀ...ਨਹੀਂ...ਕਿਵੇਂ ਜਾ ਸਕਦੀ ਐ ਓਹ !

ਭੇਰੂ—ਚਾਚਾ !

ਸ਼ੇਖੂ—ਹਾਂ

ਭੇਰੂ—ਅਵਾਜ਼ ਬੰਦ ਹੋ ਗਈ ਏ। ਮੈਂ ਬੂਹਾ ਖੋਲਾਂ ?

[ਓਹ ਬੂਹਾ ਖੋਲਦਾ ਹੈ।

ਭੇਰੂ—(ਬਾਹਰ ਝਾਕ ਕੇ) ਤੁਫਾਨ ਠਲ ਗਿਆ ਏ, ਬਸ ਬਰਫ਼ ਦੀ ਨਿੱਕੀ ਨਿੱਕੀ ਖਖ ਉਡਦੀ ਏ। ਤੂੰ ਠੀਕ ਆਖਦਾ ਸੀ ਚਾਚਾ, ਬਿਜਲੀ ਦੇ

ਏਸ ਧਮਾਕੇ ਵਿਚ ਓਹ ਤੇ ਸ਼ਹਿਰੀ ਡਿਗ ਪਏ ਹੋਣਗੇ।

ਸ਼ੇਖੂ—ਹੂੰ (ਸੋਚਾਂ ਵਿਚ ਡੁਬਿਆ ਹੋਇਆ) ਹੂੰ !

ਭੇਰੂ—ਤੂੰ ਬੈਠ ਚਾਚਾ, ਮੈਂ ਉਨ੍ਹਾਂ ਨੂੰ ਟੋਲਣ ਚਲਿਆ ਹਾਂ।

ਸ਼ੇਖੂ—ਨਹੀਂ—ਏਸ ਦੀ ਲੋੜ ਨਹੀਂ। ਮੈਨੂੰ ਪਤਾ ਏ, ਇਹ ਅਨਹੋਣਾ ਲੋੜ੍ਹਾ ਸੀ—ਉਸ ਹੁਣ ਨਹੀਂ ਆਉਣਾ। ਵੇਖ, ਬਾਹਰ ਤੁਫਾਨ ਥਮ ਗਿਆ ਏ, ਤੇ ਬਰਫ਼ ਉਡਣੀ ਬੰਦ ਹੋ ਗਈ ਏ। ਨਿੱਕਾ ਜਿਹਾ ਚੰਨ ਨਿਕਲ ਆਇਆ ਏ। ਤਕ ਨਾ, ਬਰਫ਼ ਕਿੰਨੀ ਚਿੱਟੀ ਹੋ ਗਈ ਏ। ਇਹਦੀ ਲਿਸ਼ਕ ਨਾਲ ਮੇਰੀਆਂ ਬੁਢੀਆਂ ਅੱਖਾਂ ਮਿਚੀਆਂ ਜਾਂਦੀਆਂ ਹਨ।

[ਦਰਵਾਜ਼ੇ ਚੋਂ ਦੋਧਾ ਚਾਨਣ ਅੰਦਰ ਵਿਛ ਆਉਂਦਾ ਹੈ। ਕੋਠੜੀ ਚੋ ਭੇਡ ਖੰਘਦੀ ਹੈ।

ਭੇਰੂ !

ਭੇਰੂ—ਹਾਂ ਚਾਚਾ।

ਸ਼ੇਖੂ—ਜਾ ਅੰਦਰ ਜਾ ਕੇ ਭੇਡ ਨੂੰ ਬੂਟੀ ਪਲਾ। ਉਸ ਹੁਣ ਮੁੜ ਨਹੀਂ ਆਉਂਣਾ।

[ਭੇਰੂ ਅੰਦਰ ਜਾਂਦਾ ਹੈ ਸ਼ੇਖੂ ਥਕਿਆ ਹਾਰਿਆ ਅੰਗੀਠੀ ਕੋਲ ਬਹਿ ਜਾਂਦਾ ਹੈ। ਅਖਾਂ ਮੀਟ ਕੇ ਓਹ ਉਂਗਲਾਂ ਸੇਕਦਾ ਹੈ ਤੇ ਖੰਘਦਾ ਹੈ।

ਪਰਦਾ

# ਮੁੰਗਵਾ

## ਪਾਤਰ

ਮੁੰਗਵਾ—ਇਕ ਜੁਆਨ ਮੁੰਡਾ।
ਮਾ-ਤੇਂ—ਉਸ ਦੀ ਮਾਂ।
ਨਾਂ-ਤੀ—ਉਸ ਦੀ ਭੈਣ।
ਸਥਿੰਗ...ਉਸ ਦਾ ਸਾਥੀ।
ਥਾਂ—ਲੜਾਈ ਨਾਲ ਝੰਬੇ ਹੋਏ ਚੀਨ ਦੀ ਸਰਹੱਦ ਉੱਤੇ ਇਕ ਪਿੰਡ।

ਨਿੱਕੀ ਜਿਹੀ ਝੁਗੀ ਦੇ ਨੁਕਰੇ ਇਕ ਮੱਧਮ ਜਿਹਾ ਦੀਵਾ ਬਲਦਾ ਹੈ। ਨਾਂ-ਤੀ ਇਕ ਜਵਾਨ ਕੁੜੀ ਤੇ ਮਧਰੇ ਕੱਦ ਦੀ ਉਹਦੀ ਬੁੱਢੀ ਮਾਂ, ਮਾ-ਤੇਂ ਦੋਵੇਂ ਬੈਠੀਆਂ ਹਨ। ਗਠਵੇਂ ਕਾਠ ਕਦ ਦੀ ਬੁੱਢੀ ਮਾਂ ਚਿੰਤਾਤੁਰ ਕੋਈ ਊਨੀ ਜਰਸੀ ਪਈ ਉਣਦੀ ਹੈ, ਤੇ ਨਾਂ-ਤੀ ਸਫ਼ ਤੇ ਬੈਠੀ ਫਲੀਆਂ 'ਚੋਂ ਮਟਰ ਕੱਢਦੀ ਹੈ।
ਚੁਲ੍ਹੇ ਤੇ ਇਕ ਪਤੀਲੀ 'ਚ ਕੁਝ ਉਬਲ ਰਿਹਾ ਹੈ। ਦੋਵੇਂ ਗੱਲਾਂ ਕਰਦੀਆਂ ਹਨ।

ਨਾਂ-ਤੀ—ਮੁੰਗਵਾ ਹੁਣ ਤਕ ਖਬਰੇ ਕਿਉਂ ਨਹੀਂ ਆਇਆ?
ਮਾ-ਤੇਂ—ਉਹ ਤਾਂ ਬੇ-ਪਰਵਾਹ ਏ? ਮਸਾਂ ਸਤਵੇਂ ਦਿਨ ਘਰ ਵੜਦਾ ਏ। ਉਦਨ ਵੀ ਅਲਗਰਜੀ ਕਰ ਜਾਂਦਾ ਏ। ਉਹ ਛੁਟਪਨ ਤੋਂ ਹੀ

ਇਉਂ ਏ। ਇਹ ਤਾਂ ਮਹੀਓਂ ਸਾਂ, ਜਿਹੜੀ ਉਸ ਨੂੰ ਜਗਾਂਦੀ, ਨਵ੍ਹਾਂਦੀ ਤੇ ਸਵਾਂਦੀ ਹੁੰਦੀ ਸਾਂ। ਪਤਾ ਨਹੀਂ ਲੜਾਈ ਵਿਚ ਕੀ ਲਲ੍ਹਰ ਲਾਉਂਦਾ ਹੋਊ ?

ਨਾਂ-ਤੀ—ਨਹੀਂ ਮਾਂ, ਮੇਰੇ ਨਾਲ ਖੇਡਣ ਲਗਿਆਂ ਤਾਂ ਬੜਾ ਚਤੰਨ ਹੁੰਦਾ ਸੀ, ਬੜਾ ਈ ਤਿੱਖਾ, ਮੈਥੋਂ ਤਾਂ ਕਦੇ ਨਹੀਂ ਸੀ ਹਾਰਿਆ। ਹਾਏ........ਜੇ ਮੈਂ ਕਦੇ ਉਸਨੂੰ ਇਕ ਵੇਰ ਵੀ ਜਿਤ ਲੈਂਦੀ........!

ਮਾ-ਤੇਂ—ਮੇਰੀ ਲਾਡੋ ਧੀ ! ਤੂੰ ਤੇ ਭੋਲੀ ਏਂ। ਕਿੱਥੇ ਖੇਡਾਂ ਤੇ ਕਿੱਥੇ ਰਣ ਜੂਝਣੇ ? ਮੈਂ ਤਾਂ ਦਿਨੇ ਰਾਤ ਇਹੋ ਸੋਚਦੀ ਹਾਂ ਕਿ ਉਹ ਬੰਦੂਖ ਕਿਵੇਂ ਸਿਨ੍ਹਦਾ ਹੋਵੇਗਾ ?

ਨਾਂ-ਤੀ—ਪਰ ਮੈਨੂੰ ਤਾਂ ਪੱਕਾ ਨਿਸਚਾ ਏ।

ਮਾ-ਤੇਂ—ਕਿਵੇਂ ?

ਨਾਂ-ਤੀ—ਜਦੋਂ ਮੇਰੇ ਨਾਲ ਘੁਗੋ ਸਿਪੀਆਂ ਖੇਡਦਾ—ਕਦੇ ਨਹੀਂ ਸੀ ਉਕਿਆ, ਲੋਹੜੇ ਦਾ ਨਿਸ਼ਾਨਚੀ ਸੀ।

ਮਾ-ਤੇਂ—ਹੋਵੇਗਾ। ਮੈਨੂੰ ਤੇ ਸਦਾ ਹੀ ਉਹ ਅਲ੍ਹੜ ਤੇ ਕੱਚਾ ਜਾਪਦਾ ਰਿਹਾ। ਮੈਨੂੰ ਡਰ ਏ ਕਿਤੇ ਜਾਪਾਨੀਆਂ ਨਾਲ ਲੜਦਾ ਪਿੱਠ ਨਾ ਵਖਾ ਦੇਵੇ।

ਨਾਂ-ਤੀ—ਮਾਂ ਨੀ ! ਅਜ ਤਾਂ ਮੈਂ ਡਬਖੜੱਬੀ ਮੱਛੀ ਰਿਧੀ ਏ, ਓਹਦੇ ਅਸੀ ਤ੍ਰੈ ਬਰੋਬਰ ਡੱਕਰੇ ਕਰਾਂਗੇ—ਹਾਏ ! ਜੇ ਕਿਤੇ ਉਹ ਹੁਣੇ ਆ ਜਾਵੇ ! ਮਸਾਲੇ ਦੀ ਸੁਗੰਧ ਮੇਰੀਆਂ ਨਾਸਾਂ ਨੂੰ ਜਲੂਣਦੀ ਏ।

ਮਾ-ਤੇਂ—ਬੜਾ ਚਿਰ ਹੋ ਚੁਕਿਆ ਏ, ਹਾਲਾਂ ਤੀਕ ਨਹੀਂ ਆਇਆ। ਕਲ ਮੈਨੂੰ ਬੁੱਢਾ ਆਈਕਵ ਦਸਦਾ ਸੀ ਕਿ ਜਾਪਾਨੀਆਂ ਸਾਲਵੀਨ ਦਰਿਆ ਦੇ ਕੰਢੇ ਘੇਰ ਘੱਤੇ ਨੇ, ਤੇ ਹੁਣ ਪਾਰ ਕਰਨ ਨੂੰ ਫਿਰਦੇ ਨੇ।

ਨਾਂ-ਤੀ—ਆਹ......ਨਿਰੀ ਗਪ ! ਉਸ ਬੁੱਢੜ ਨੂੰ ਕੀ ਪਤਾ ਏ ? ਉਹਦਾ ਤਾਂ ਊਈਓਂ ਜਰਕ ਨਿਕਲਿਆ ਰਹਿੰਦਾ ਏ। ਪਰ ਮਾਂ ਕੀ ਮੈਂ

ਦਸਾਂ ਤੇਨੂੰ, ਮੈਂ ਆਪੀਂ ਪਿੰਡ ਦੇ ਮੁੰਡਿਆਂ ਨੂੰ ਆਜ਼ਾਦੀ ਦਾ ਗੀਤ ਗਾਉਂਦਿਆਂ ਸੁਣਿਆ ਏ। ਪਿੰਡ ਦੇ ਸਾਰੇ ਸਿਪਾਹੀ ਇਹ ਗੌਣ ਗਾਉਂਦੇ ਆਉਂਦੇ ਹਨ, ਸਦਾ ਈ।

ਮਾ-ਤੇਂ–ਫੇਰ ਵੀ ਪਤਾ ਨਹੀਂ, ਮੇਰੀ ਡੱਡ ਕਿਵੇਂ ਲੜਦੀ ਹੋਊ। ਹਰ ਛਨਿਛਰ ਵਾਰ ਆਉਂਦਾ ਏ ਪਰ ਕੁਝ ਵੀ ਤਾਂ ਨਹੀਂ ਨਾ ਦੱਸਦਾ।

(ਠਕ ਠਕ)

ਨਾਂ-ਤੀ–(ਦਬੀ ਹੋਈ ਚੀਕ਼ ਵਿਚ) ਆਹ–ਮੁੰਗਵਾ ਵੀਰ!

[ਉਹ ਕੁੰਡੀ ਖੋਲ੍ਹਣ ਲਈ ਦੌੜਦੀ ਹੈ–ਬਾਕਰੇ ਦੁਧ ਦਾ ਭਰਿਆ ਕੁਜਾ ਉਹਦੇ ਠੇਡੇ ਨਾਲ ਮੂਧਾ ਹੋ ਜਾਂਦਾ ਹੈ–

ਮਾ-ਤੇਂ–ਓ ਚੁੜੇਲੇ–ਦੁਧ ਮੁਧਿਆ ਦਿਤਾ, ਕਿਵੇਂ ਹੁਰ ਹੁਰ ਕਰਦੀ ਫਿਰਦੀ ਏ!

ਨਾਂ-ਤੀ–(ਬੂਹਾ ਲਾਹੁੰਦੀ ਹੈ, ਤੇ ਵੀਰੇ ਨੂੰ ਕਲਾਵਾ ਭਰਦੀ ਹੈ) ਆਹ–ਮੁੰਗਵਾ, ਅਸੀ ਹੁਣੇ ਤੇਰੀਆਂ ਹੀ ਗੱਲਾਂ ਕਰਦੇ ਸਾਂ।

ਮਾ-ਤੇਂ–(ਆਪਣੇ ਨਿੱਕੇ ਤੇਜ਼ ਪੈਰਾਂ ਤੇ ਰਿੜ੍ਹਦੀ ਓਹਦੇ ਕੋਲ ਜਾਂਦੀ ਹੈ) ਮੁੰਗਵਿਆ ਪੁਤ੍ਰ! ਬੜਾ ਚਿਰ ਉਡੀਕਿਆ, ਤੈਨੂੰ, ਬੜਾ ਚਿਰ। (ਉਹਦੇ ਮੱਥੇ ਨੂੰ ਚੁੰਮਦੀ ਹੈ ਤੇ ਫੇਰ ਆਪਣੇ ਦੋਵੇਂ ਹਥ ਝਸਕੇ) ਮੇਰਾ ਲਾਲ, ਕੀ ਖਾਏਂਗਾ ਹੁਣ? ਭੈਣ ਨੇ ਅਜ ਬੜੀ ਵਧੀਆ ਮੱਛੀ ਤਲੀ ਆ ਤੇਰੇ ਵਾਸਤੇ। (ਉਹਦਾ ਮੱਥਾ ਘੁਟ ਕੇ ਉਹ ਨਾਂ-ਤੀ ਵਲ ਭੌਂਦੀ ਏ) ਲੈ ਧੀਏ ਹੁਣ ਮੇਜ ਰਖ ਤੇ ਕੋਸੇ ਪਾਣੀ ਨਾਲ ਵੀਰੇ ਦਾ ਮੂੰਹ ਧੁਆ।

ਮੁੰਗਵਾ–ਨਹੀਂ ਮਾਂ ਨੀ, ਮੈਂ ਹਥ ਈ ਧੋਵਾਂਗਾ। ਐਨਾ ਤੇ ਮੀਂਹ ਵਰ੍ਹਦਾ ਰਿਹਾ ਏ।

ਮਾ-ਤੇਂ–ਡਡਿਆ, ਜਰਾਬਾਂ ਤੇ ਬੂਟ ਲਾਹ ਛਡ – ਏਨੀ ਠਾਰੀ ਏ। ਲਿਆ ਨੀ ਅੰਗੀਠੀ, ਲੈ ਆਪਣੇ ਗੂਠੇ ਤੇ ਉਂਗਲਾਂ ਨਿੱਘੀਆਂ ਕਰ ਲੈ।

ਮੁੰਗਵਾ—(ਹੱਸਦਾ ਏ) ਪਰ ਮਾਂ ਨੀ, ਇਹਦੀ ਕੀ ਲੋੜ ਏ।

ਮਾ-ਤੇਂ—(ਝਿੜਕ ਕੇ) ਹਹਿ, ਮੇਰਾ ਐਲਾ ਮੈਲਾ, ਫੌਜ ਵਿਚ ਕੀ ਕਰਦਾ ਹੋਵੇਂਗਾ ਤੂੰ? ਹਰ ਵੇਲੇ ਆਂਪਣੀਓਂ ਈ ਚਲਾਉਂਦਾ ਏ। ਹਲਾ, ਬਹਿ ਜਾ ਤੇ ਆਪਣੇ ਕੰਮ ਦਾ ਹਾਲ ਦਸ।

ਮੁੰਗਵਾ—ਮਾਂ ਤੂੰ ਏਹੋ ਜਿਹੀਆਂ ਹੀ ਪੁਛਦੀ ਰਹਿੰਦੀ ਏਂ (ਪਿਆਰ ਨਾਲ ਮਾਂ ਨੂੰ ਪਲਚਕੇ) ਮੇਰੀ ਚੰਗੀ ਮਾਂ! ਤੈਨੂੰ ਕੀ ਪਤਾ, ਮੈਂ ਅਜ ਸ਼ਿਸਤ ਵਿਚੋਂ ਅਵਲ ਇਨਾਮ ਲਿਆ ਐ।

ਮਾ-ਤੇਂ—ਹੈਂ, ਤੂੰ ਸ਼ਿਸਤ ਬੰਨ੍ਹ ਲੈਂਦਾ ਏਂ? ਤੈਨੂੰ ਡਰ ਤਾਂ ਨਹੀਂ ਲੱਗਦਾ?

ਮੁੰਗਵਾ—ਨਹੀਂ ਮਾਂ, ਡਰ ਡੁਰ ਭੁਲ ਜਾਂਦਾ ਏ, ਜਦੋਂ ਮੈਂ ਅਗੇ ਲੜਦਾ ਹਾਂ। ਪਰ ਨਾਂ-ਤੀਏ, ਤੂੰ ਕੀ ਫਰੋਲਾ ਫਰਾਲੀ ਕਰਨੀ ਏਂ ; ਮੇਰੇ ਲਈ ਕਾਹਵਾ ਧਰ ਦੇ, ਉਹ ਭਾਫਾਂ ਛੱਡਦੀ ਮੱਛੀ ਦੇਹ।

ਨਾਂ-ਤੀ—ਹਾਂ-ਹਾਂ ਮੇਰੇ ਚੰਨ ਵੀਰਾ, ਮੈਂ ਤਾਂ ਤੇਰੀਆਂ ਹੀ ਗੱਲਾਂ ਪਈ ਸੁਣਦੀ ਸਾਂ। ਮੈਨੂੰ ਪੱਕੀ ਆਸ ਸੀ—ਜਿਵੇਂ ਤੂੰ ਨਿੱਕਾ ਹੁੰਦਾ ਕਦੇ ਖੇਡਾਂ ਵਿਚ ਨਹੀਂ ਸੀ ਝੁਕਿਆ,ਤਿਵੇਂ ਹੁਣ ਕੀਕਰ ਥਿੜਕ ਸਕਣਾ ਏਂ?

ਮੁੰਗਵਾ—ਮੇਰਾ ਬਲੂੰਗੜਾ ਕਿਥੇ ਏ?

ਮਾ-ਤੇਂ—ਜੁਲੀ ਹੇਠ ਸੁੱਤਾ ਪਿਆ ਏ।

ਮੁੰਗਵਾ—ਮੈਂ ਉਹਨੂੰ ਆਪਣੀ ਹਥੀਂ ਖੁਆਵਾਂਗਾ ਤੇ ਕਾਹਵਾ ਪਿਲਾਵਾਂਗਾ।

ਮਾ-ਤੇਂ—ਹੈਂ......ਹੈਂ......ਉਹਨੂੰ ਨਾ ਜਗਾਈਂ?

ਮੁੰਗਵਾ—ਨਹੀਂ ਜਗਾਵਾਂਗਾ......ਸ਼ੀ......ਸ਼ੀ......ਸ਼ੀ

[ਬਲੂੰਗੜਾ ਜੁਲੀ ਹੇਠੋਂ ਮਿਆਉਂ ਕਰਦਾ ਹੈ। ਉਹ ਬਲੂੰਗੜੇ ਨੂੰ ਚੁਕਦਾ ਏ ਤੇ ਉਹਦੀਆਂ ਕੂਲੀਆਂ ਜੱਤਲ ਗਲ੍ਹਾਂ ਤੇ ਨਕ ਘਸਾਉਂਦਾ ਹੈ।

ਮੁੰਗਵਾ—ਆਹ......ਕਿੰਨਾ ਨਿੱਘ ਏ ਸਾਡੀ ਕੁੱਲੀ ਵਿਚ!

ਮਾ-ਤੇਂ—(ਕੁਝ ਸੋਚਦੀ ਹੋਈ) ਤੈਨੂੰ ਮੈਂ ਕਦੇ ਲੜਦਿਆਂ ਵੀ ਤਕ ਸਕਦੀ ਹਾਂ।

ਮੁੰਗਵਾ—ਤੂੰ ਵੀ ਬਾਉਲੀ ਏਂ, ਏਹ ਕੀਕਰ ਹੋ ਸਕਦਾ ਏ? ਉਥੇ ਤਾਂ ਤੋਪਾਂ

ਤੇ ਬੰਬਾਂ ਦੀ ਚੁਫੇਰੇ ਗੱਜ ਈ ਗੱਜ ਏ, ਤੇ ਬੰਦੂਕਾਂ ਦੇ ਕੜਾਕੇ ਕੰਨ ਪਾੜ ਸੁਟਦੇ ਨੇ।

ਮਾ ਤੇਂ—ਹੋਇਆ ਕੀ, ਮੈਂ ਤਕ ਸਕਦੀ ਤਾਂ........।

ਮੁੰਗਵਾ—(ਟੋਕ ਕੇ) ਨਹੀਂ ਮਾਂ ਤੈਨੂੰ ਕੀ ਪਤਾ ਕਿ ਹੁਣ ਜੰਗ ਕੇਡਾ ਭਿਆਨਕ ਹੋ ਗਿਆ ਏ। ਹੁਣ ਤੀਕਰ ਤੇ ਸਾਲਵੀਨ ਦਰਿਆ ਨੇ ਹੀ ਜਾਪਾਨੀਆਂ ਨੂੰ ਥੰਮ ਰਖਿਆ ਏ। ਕਈ ਵਾਰ ਮੈਂ ਸੋਚਦਾ ਹਾਂ ਕਿ ਚੀਨ ਦੇ ਸਿਰਫ਼ ਆਦਮੀ ਤੀਵੀਆਂ ਈ ਨਹੀਂ ਲੜਦੇ, ਸਗੋਂ ਉਹਦੇ ਦਰਿਆ ਝੀਲਾਂ ਤੇ ਪਰਬਤ ਵੀ ਵੈਰੀ ਦਾ ਨਾਸ ਕਰਨ ਵਿਚ ਜੁਟੇ ਹੋਏ ਨੇ।

ਨਾਂ-ਤੀ—(ਸੋਚਾਂ ਵਿਚ ਪਿਘਲੀ ਹੋਈ) ਕੇਡਾ ਸੋਹਣਾ ਹੁੰਦਾ ਏ ਉਹ ਗੀਤ ਜਿਹੜਾ ਕਦੀ ਕਦੀ ਤੁਸੀ ਸਾਰੇ ਮਿਲ ਕੇ ਗਾਂਵਿਆ ਕਰਦੇ ਹੋ, ਜਿਹੜਾ ਫਿਰ ਆਲੇ ਦੁਆਲੇ ਦੀਆਂ ਪਹਾੜੀਆਂ ਵਿਚ ਕੂਕਦਾ ਏ ਤੇ ਦਰਖਤਾਂ ਦੇ ਪਤਿਆਂ ਵਿਚ ਕੰਬ ਉਠਦਾ ਏ।

ਮੁੰਗਵਾ—ਉਹ ਨਾਂ-ਤੀ, ਉਹ ਤਾਂ ਆਜ਼ਾਦੀ ਦਾ ਗੀਤ ਐ। ਹਰ ਜਿੱਤ ਤੇ ਅਸੀ ਗਾਂਵਿਆ ਕਰਦੇ ਆਂ ਇਹ ਗੀਤ। ਓਧਨ ਜਦ ਅਸੀਂ ਜਾਪਾਨੀਆਂ ਨੂੰ ਉਹਨਾਂ ਦੇ ਮਲ੍ਹੇ ਹੋਏ ਅੱਡੇ ਤੋਂ ਮਾਰ ਭਜਾਇਆ ਤਾਂ ਸਾਡੀ ਸਾਰੀ ਫ਼ਜ ਇਹ ਗੀਤ ਗਾ ਉਠੀ। ਸਾਰਿਆਂ ਗਜ ਕੇ ਜਿਤ ਦਾ ਨਾਹਰਾ ਲਾਇਆ, ਆਹ ਕਿੰਨਾ ਸਵਾਦਲਾ!

ਨਾਂ-ਤੀ—(ਚੌੜੀ ਫੈਲਰੀ ਚਾਵਾਂ ਮਤੀ ਆਵਾਜ਼ ਵਿਚ) ਜੇ ਮੈਂ ਵੀ ਕਿਤੇ ਸਭਨਾਂ ਵਿਚ ਰਲ ਕੇ ਇਹ ਗੀਤ ਗਾ ਸਕਦੀ। ਮੇਰੇ ਕਾਲਜੇ ਖੁਭ ਗਈ ਏ ਇਸ ਗੀਤ ਦੀ ਲੈ।

ਮੁੰਗਵਾ—(ਰੋਟੀ ਦਾ ਇਕ ਟੁਕਰ ਚਬੋਲਦਾ ਹੋਇਆ) ਕਿਥੋਂ ਫੜੀ ਸੀ ਇਹ ਮੱਛੀ ਨਾਂ-ਤੀ? ਅਜਿਹਾ ਸਵਾਦੀ ਡੱਕਰਾ ਤਾਂ ਮੈਂ ਕਦੇ ਨਹੀਂ ਸੀ ਖਾਧਾ।

ਨਾਂ-ਤੀ—ਮੂਹੀ ਜੰਗਲ ਵਿਚਕਾਰਲੇ ਟੋਭੇ'ਚੋਂ। ਦੁਪਹਿਰਾਂ ਵੇਲੇ ਮੈਂ ਬਨਸੀ

ਤੇ ਗੰਡੋਏ ਲੈ ਕੇ ਝੁਗੀ ਵਿਚੋਂ ਗਈ ਤੇ ਟਿਕੇ ਹੋਏ ਟੋਭੇ ਦੇ ਕੰਢੇ ਕੁੰਡੀ ਲਾ ਕੇ ਬਹਿ ਗਈ। ਮੈਂ ਹੌਲੀ ਹੌਲੀ ਟੁਕ ਖਾਂਦੀ ਰਹੀ ਤੇ ਇਹ ਗੀਤ ਗੁਣਗੁਣਾਉਂਦੀ ਰਹੀ। ਫੇਰ ਮੈਂ ਕੁੰਡੀ ਉਤਾਂਹ ਖਿੱਚੀ ਤਾਂ ਇਹੋ ਚਾਂਦੀ ਚਿੱਟੀ ਮੱਛੀ ਦੂਜੇ ਸਿਰੇ ਉਤੇ ਤੜਫ ਰਹੀ ਸੀ, ਤੇ ਮੈਂ ਤੁਹਾਡੇ ਜਿਤ ਦੇ ਗੀਤ ਦਾ ਛੇਕੜਲਾ ਟਪਾ ਕੂਕ ਪਈ:–

ਅਸੀ ਗਾ ਉਠਦੇ ਹਾਂ
ਤੇਰੇ ਬਿਰਛਾਂ ਦੀ ਜਿਤ
ਤੇਰੀਆਂ ਝੀਲਾਂ ਦੀ ਜਿਤ
ਤੇਰੇ ਪਰਬਤਾਂ ਦੀ ਜਿਤ

ਮੁੰਗਵਾ–ਚੰਗਾ ਹੁਣ ਮੈਨੂੰ ਗਰਮ ਪਾਣੀ ਦੇਹ। ਹਥ ਧੋਣੇ ਨੇ।

ਨਾਂ-ਤੀ–ਆ ਲੈ।

[ਉਹ ਆਪਣੇ ਹੱਥ ਧੋਂਦਾ ਹੈ, ਕੁਰਲੀ ਕਰਦਾ ਹੈ, ਤੇ ਖੰਘਦਾ ਹੈ!

ਮੁੰਗਵਾ–ਲੈ ਮਾਂ ਨੀ ਹੁਣ ਮੈਂ ਚਲਿਆ ਹਾਂ। ਆਪਣੀ ਆਪਣੀ ਥਾਂ ਛਡਣ ਦਾ ਹੁਕਮ ਨਾ ਸੀ। ਬਸ ਮਸਾਂ ਮਿਲਣ ਲਈ ਤਿੰਨ ਘੰਟੇ ਦੀ ਛੁਟੀ ਮਿਲੀ ਸੀ!

ਮਾਂ-ਤੇਂ–ਕਿਉਂ?

ਮੁੰਗਵਾ–ਦੁਸ਼ਮਣ ਦੀਆਂ ਫੌਜਾਂ ਸਾਡੇ ਉਤੇ ਚੜ੍ਹ ਆਈਆਂ ਨੇ ਤੇ ਭੀੜੇ ਪੁਲ ਉਤੇ, ਜਿਸ ਹੇਠ ਸਾਲਵੀਨ ਦਰਿਆ ਠਾਠਾਂ ਮਾਰਦਾ ਏ, ਕਬਜ਼ਾ ਕਰਨ ਨੂੰ ਤਿਆਰ ਫਿਰਦੀਆਂ ਨੇ। ਜੇ ਜਾਪਾਨੀ ਫੌਜਾਂ ਪੁਲ ਉਤੇ ਚੜ੍ਹ ਆਈਆਂ ਤਾਂ ਸਾਡਾ ਕਮਾਂਡਰ ਪੁਲ ਉਡਾ ਸੁਟੇਗਾ–ਪਰ ਮੈਨੂੰ ਚਿਰ ਪਿਆ ਹੁੰਦਾ ਏ। ਮੈਂ ਵਾਪਸ ਪਰਤਣਾ ਏਂ–ਕਿਥੇ ਨੇ ਮੇਰੀਆਂ ਜੁਰਾਬਾਂ? (ਬਲੂੰਗੜਾ ਪੋਲਾ ਜਿਹਾ ਮਿਆਉਂ ਕਰਦਾ ਹੈ) ਆਹ ਮੇਰਾ ਘੁਲਾ ਬਿਲਾ। (ਉਹਨੂੰ ਚੁੰਮਦਾ ਹੈ) ਕਿਥੇ ਹਨ ਮੇਰੀਆਂ ਜੁਰਾਬਾਂ?

ਨਾਂ-ਤੀ–(ਹੰਝੂਆਂ ਛਲਕਦੀ ਆਵਾਜ਼ ਵਿਚ) ਤੂੰ ਤਾਂ ਆਖਿਆ ਸੀ ਕਿ ਇਸ ਵਾਰ ਠਹਿਰੇਂਗਾ, ਮੈਂ ਨਹੀਂ ਦੇਂਦੀ ਜੁਰਾਬਾਂ, ਪਹਿਲਾਂ.........

ਮਾ-ਤੇਂ–(ਇਰਾਦੇ ਭਰੀ ਆਵਾਜ਼ ਵਿਚ) ਚੋੜ ਨਾ ਕਰ ਨਾਂ-ਤੀ, ਵੀਰੇ ਨੂੰ ਕੰਮ ਉਤੇ ਜਾਣ ਦੇ। ਕਿਥੇ ਨੇ ਉਹਦੀਆਂ ਜੁਰਾਬਾਂ–ਲਿਆ ਫੜਾ।

[ਨਾਂ-ਤੀ ਪੀੜ੍ਹੀ ਦੇ ਓਲ੍ਹਿਓਂ ਜੁਰਾਬਾਂ ਫੜਾ ਦਿੰਦੀ ਹੈ।

ਮੂੰਗਵਾ–(ਜੁਰਾਬਾਂ ਪਾਉਂਦਾ ਹੈ ਤੇ ਫੇਰ ਬੂਟਾ ਦੇ ਫੀਤੇ ਕਸ ਕੇ) ਜਾਪਦਾ ਏ ਜਿਵੇਂ ਇਸ ਰਾਤ ਤਕੜਾ ਯੁਧ ਛਿੜੇਗਾ।

ਮਾ-ਤੇਂ–(ਮੂੰਗਵਾ ਦਾ ਮਥਾ ਪਲੋਸ ਕੇ) ਲੈ ਜਾ ਹੁਣ ਮੇਰਾ ਬਗਾ ਸ਼ੇਰ, ਤਕੜਾ ਹੋ ਕੇ ਲੜੀਂ–ਜੁਗ ਜੁਗ ਜੀਵੇਂ ਤੂੰ–ਤੇ ਸਦਾ ਜਿਤ ਵਾਲਾ ਪਾਸਾ ਹੋਵੇ ਤੇਰਾ (ਬਲੂੰਗੜਾ ਮਿਆਉਂ ਕਰਦਾ ਹੈ) ਇਹ ਨਿਮਾਣਾ ਜਦੋਂ ਕਦੇ ਤੂੰ ਜਾਵੇਂ ਸਦਾ ਬੋਲ ਉਠਦਾ ਏ– ਹਲਾ ਜਾ ਹੁਣ ਮੂੰਗਵਿਆ।

ਮੂੰਗਵਾ–ਅਛਾ ਮਾਂ ਨੀ–ਮੈਂ ਚਲਿਆ ਹਾਂ–(ਨਾਂ-ਤੀ ਦੀਆਂ ਗਲ੍ਹਾਂ ਨਾਲ ਆਪਣੀਆਂ ਗਲ੍ਹਾਂ ਰਗੜ ਕੇ) ਮੇਰੀ ਨਿੱਕੀ ਸੋਹਣੀ ਭੈਣ।

ਨਾਂ-ਤੀ–(ਉਸ ਵਲ ਨੀਝ ਨਾਲ ਤਕ ਕੇ) ਫੇਰ ਆਵੇਂਗਾ ਨਾ–ਉਹ ਗੀਤ ਗਾਉਂਦਾ ਹੋਇਆ। ਲੈ ਫੜ ਆਪਣੀ ਛੋਟੀ ਜਿਹੀ ਥੈਲੀ। (ਥੋੜਾ ਜਿਹਾ ਮੁਸਕਰਾ ਕੇ) ਤੂੰ ਭੁਲ ਚਲਿਆ ਸੈਂ।

ਮੂੰਗਵਾ–(ਮੋਮਜਾਮੇ ਦੀ ਥੈਲੀ ਫੜਕੇ) ਹਾਂ ਸਚ–

[ਮਾ-ਤੇਂ ਤੇ ਨਾਂ-ਤੀ ਦੋਹਾਂ ਵਲ ਤਕਦਾ ਹੈ। ਆਪਣੇ ਪਿਛੇ ਬੂਹਾ ਭੇੜਦਾ ਹੈ ਤੇ ਮਲਕੜੇ ਬਾਹਰ ਚਲਿਆ ਜਾਂਦਾ ਹੈ। ਮਾ-ਤੇਂ ਬੈਠ ਜਾਂਦੀ ਹੈ। ਨਾਂ-ਤੀ ਜਾਕੇ ਚੁਲ੍ਹੇ ਵਿਚ ਲਕੜ ਠੀਕ ਕਰਦੀ ਹੈ।

ਮਾ-ਤੇਂ–ਚਲਿਆ ਗਿਆ।

ਨਾਂ-ਤੀ–(ਥੋੜ੍ਹਾ ਚਿਰ ਠਹਿਰਕੇ) ਹਾਂ।

[ਦੋਵੇਂ ਇਕ ਚੂਹੇ ਵਲ ਤਕਦੀਆਂ ਹਨ।

ਪਰਦਾ

## ਦੂਜੀ ਝਾਕੀ

ਆਥਣ ਦਾ ਵੇਲਾ ਹੈ। ਹਵਾ ਬਾਹਰ ਚੀਕਾਂ ਮਾਰਦੀ ਵਗਦੀ ਹੈ। ਬਦਲਾਂ ਦੀ ਦੁਰੇਡੀ ਗੜਗੜ ਵੀ ਸੁਣੀਂਦੀ ਹੈ। ਝੁਗੀ ਵਿਚ ਮਾ-ਤੇਂ ਤੇ ਨਾਂ-ਤੀ ਬੈਠੀਆਂ ਹਨ। ਮਾ-ਤੇਂ ਦਾ ਮੂੰਹ ਫਿੱਕਾ ਪੀਲਾ ਹੈ। ਉਹ ਲੰਮੇ ਲੰਮੇ ਤ੍ਰੋਪਿਆਂ ਵਿਚ ਇਕ ਝਗਾ ਸਿਊਂ ਰਹੀ ਹੈ। ਤੇ ਨਾਂ-ਤੀ ਕੋਲ ਬੈਠੀ ਬਲੂੰਗੜੇ ਦੀ ਪਸ਼ਮ ਵਿਚ ਉਂਗਲਾਂ ਫੇਰਦੀ ਹੈ। ਦੋਵੇਂ ਲੰਬੀ ਘਿਸੜਦੀ ਅਵਾਜ਼ ਵਿਚ ਗਲਾਂ ਕਰ ਰਹੀਆਂ ਹਨ, ਜਿਵੇਂ ਸੋਚਾਂ ਦੀਆਂ ਘੁਮਣ ਘੇਰੀਆਂ ਉਨ੍ਹਾਂ ਦੀਆਂ ਗਲਾਂ ਦੇ ਵਹਿਣ ਨੂੰ ਰੋਕਦੀਆਂ ਹੋਣ।

ਨਾਂ-ਤੀ—ਦੁਰੇਡੀ ਇਹ ਗੜਗੜ ਬੜੀ ਮਾੜੀ ਤੇ ਦਿਲ-ਡੋਬੂ ਜਿਹੀ ਏ। ਕੀ ਹਵਾ ਦੇ ਬੁਲੇ ਹਨ ਇਹ?

ਮਾ-ਤੇਂ—ਜੇ ਹਵਾਈ ਜਹਾਜ਼ ਹੋਣ, ਤਦ ਵੀ ਕੀ?

ਨਾਂ-ਤੀ—ਕੀ ਸੋਚਦੀ ਏਂ ਮਾਂ ਤੂੰ?

ਮਾ-ਤੇਂ—ਮੈਂ ਸੋਚਨੀ ਆਂ ਮੇਰਾ ਪੁਤ ਅਜ ਕੀਕਰ ਲੜਦਾ ਹੋਵੇਗਾ, ਕਿਤੇ ਮੈਂ ਉਹਨੂੰ ਵੇਖ ਸਕਦੀ!

ਮਾ-ਤੇਂ—ਨਾਂ-ਤੀ ਤੂੰ ਕੀ ਸੋਚਣ ਡਹੀ ਏਂ?

ਨਾਂ-ਤੀ—ਮੈਂ ਸੋਚਦੀ ਸਾਂ ਮਾਂ, ਉਹ ਕਿੰਨਾ ਉਚਾ ਤੇ ਵਧੀਆ ਗਾਉਂਦੇ ਸਨ?—ਓਹੀ ਜਿਤ ਦਾ ਗੀਤ। ਹਾਏ ਜੇ ਕਿਤੇ ਮੈਂ ਉਨ੍ਹਾਂ ਨਾਲ ਇਕ ਵੇਰ ਫੇਰ ਰਲ ਕੇ ਗੌਂ ਸਕਦੀ!

[ਮਾ-ਤੇਂ ਫੇਰ ਲੰਬੇ ਰੁਕਵੇਂ ਤ੍ਰੋਪੇ ਭਰਦੀ ਹੈ ਤੇ ਨਾਂ-ਤੀ ਬਲੂੰਗੜੇ ਨੂੰ ਪਲੋਸਦੀ ਹੈ।

ਮਾ-ਤੇਂ—(ਝਗੇ ਤੋਂ ਸਿਰ ਚੁਕਕੇ) ਅਜੇ ਅਗ ਨਹੀਂ ਬਾਲੀ ਤੂੰ? ਅਛਾ ਬਲੂੰਗੜਾ ਛਡ ਤੇ ਅਗ ਬਾਲ।

ਨਾਂ-ਤੀ—ਭੁਖ ਨਹੀਂ ਮੈਨੂੰ ਤਾਂ।

[ਬਾਹਰ ਹਵਾ ਉਸੇ ਤਰ੍ਹਾਂ ਕੂਕਦੀ ਹੈ।

ਨਾਂ-ਤੀ—ਮਾਂ।

ਮਾ-ਤੇਂ—ਕੀ ?

ਨਾਂ-ਤੀ—ਜੇ ਆਪਾਂ ਵੀਰੇ ਦੇ ਕਿਤੇ ਨੇੜੇ ਹੁੰਦੇ। ਮੈਨੂੰ ਇੰਜ ਜਾਪਦਾ ਏ ਕਿ ਸਾਨੂੰ ਤਕ ਕੇ ਉਸ ਵਿਚ ਹੌਸਲਾ ਆ ਜਾਏਗਾ।

ਮਾ-ਤੇਂ—ਨਾਂ-ਤੀ।

ਨਾਂ-ਤੀ—ਕੀ ?

ਮਾ-ਤੇਂ—ਅਜ ਤਰਕਾਲਾਂ ਦਾ ਹੀ ਮੇਰਾ ਜੀ ਪਿਆ ਡੁਬਦਾ ਏ ? ਪਤਾ ਨਹੀਂ ਕਿਉਂ ਸਭ ਕੁਝ ਖਾਲੀ ਖਾਲੀ ਜਾਪਦਾ ਏ। ਇੰਜ ਤਾਂ ਕਦੀ ਵੀ ਨਹੀਂ ਸੀ ਹੋਇਆ। ਮੇਰਾ ਕਾਲਜਾ ਜਿਵੇਂ ਮੁਸ ਗਿਆ ਹੋਵੇ—

[ਉਹ ਰਤਾ ਠਹਿਰ ਜਾਂਦੀ ਹੈ ਜਿਵੇਂ ਘਬਰਾਹਟ ਨਾਲ ਹੁਟ ਗਈ ਹੋਵੇ।

ਨਾਂ-ਤੀ—ਕੀ ਹੋਇਆ ਮਾਂ ?

ਮਾ-ਤੇਂ—ਪਤਾ ਨਹੀਂ ਮੈਂ ਕੀ ਆਖਣਾ ਚਾਹੁੰਦੀ ਹਾਂ, ਪਰ ਇਹ ਸੋਚ ਕੇ ਮੇਰਾ ਦਿਲ ਕੰਬਣ ਲੱਗਦਾ ਏ ਕਿ ਜੇ ਮੰਗਵਾ ਕਿਤੇ ਲੜਨ ਲਗੇ ਝਕ ਗਿਆ ਯਾਂ ਪਿਛਾਂਹ ਹਟ ਗਿਆ............

ਨਾਂ-ਤੀ—ਤੂੰ ਐਨਾ ਡਰਦੀ ਕਿਉਂ ਏ ਮਾਂ—(ਆਪਣੇ ਬੁਲ੍ਹ ਉਸਦੇ ਹੋਰ ਨੇੜੇ ਕਰਕੇ) ਤੈਨੂੰ ਡਰ ਲਗਦਾ ਐ ?

ਮਾ-ਤੇਂ—ਨਹੀਂ ਨਾਂ-ਤੀ ਡਰ ਨਹੀਂ—ਉਂਜ ਈ ਮੈਂ ਕਿਸੇ ਕਿਸੇ ਵੇਲੇ ਘਾਬਰ ਜਾਂਦੀ ਹਾਂ। ਤੈਨੂੰ ਪਤਾ ਏ ਲੜਦਾ ਤਾਂ ਹਰ ਜਣਾ ਖਣਾ ਏ, ਲੜਨ ਦੀ ਕੋਈ ਗਲ ਨਹੀਂ—ਤੇ ਕਈ ਵੇਰ ਸਗੋਂ ਡਰਾਕਲ ਬਹਾਦਰਾਂ ਨਾਲੋਂ ਚੰਗਾ ਲੜ ਵਿਖਾਉਂਦੇ ਹਨ। ਇਸ ਗਲ ਦੀ ਮੈਨੂੰ ਕੋਈ ਚਿੰਤਾ ਨਹੀਂ। ਮੈਂ ਤਾਂ ਆਪਣੇ ਪੁਤ ਦੀ ਵੀਰਤਾ ਲਈ ਸੋਚਨੀ ਆਂ।

ਨਾਂ-ਤੀ—ਫੇਰ ਕੀ ਹੋਇਆ। ਫੌਜ ਵਿਚ ਤੋਪਾਂ ਜਦ ਚਲਦੀਆਂ ਨੇ ਤੇ

ਗੋਲੀਆਂ ਕਾੜ ਕਾੜ ਵਜਦੀਆਂ ਨੇ ਕਿਸੇ ਨੂੰ ਡਰਣ ਤੇ ਕੰਬਣ ਦੀ ਵਿਹਲ ਕਿਥੇ ? ਤੂੰ ਤਾਂ ਐਵੇਂ ਸੰਸਾ ਲਾ ਬਹਿਨੀ ਏਂ, ਮੁੰਗਵਾ ਵੀਰ ਕੇਡੇ ਜਿਗਰੇ ਵਾਲਾ ਏ, ਕੇਡਾ ਦਲੇਰ !

ਮਾ-ਤੇਂ–ਹਾਂ, ਪਰ ਇਸ ਦਲੇਰ ਜਿਗਰੇ ਦੀ ਵੀ ਤਾਂ ਇਕ ਹਦ ਏ। ਕੀ ਪਤਾ ਉਹਦੇ ਦਲੇਰ ਜਿਗਰੇ ਦੀਆਂ ਸਭੇ ਤੰਦਾਂ ਐਨੀਆਂ ਕਸੀਆਂ ਜਾਣ ਕਿ ਉਹ ਟੁਟ ਜਾਣ। ਹਾਏ ! ਜੇ ਉਹ ਦਿਲ ਛਡ ਬੈਠਾ ਤੇ ਦੁਸ਼ਮਣ ਨਾਲ ਬੇ-ਦਿਲਾ ਲੜਿਆ ਤਾਂ ਮੈਂ ਕਿਤੋਂ ਦੀ ਨਹੀਂ ਰਹਿਣਾ। ਫੇਰ ਮੇਰਾ ਸਾਰਾ ਜੀਵਨ ਓਪਰਾ ਤੇ ਵਾਧੂ ਜਾਪੇਗਾ। ਇਹ ਸੋਚਕੇ ਕਿ ਮੈਂ ਇਕ ਡਰਾਕਲ ਪੁਤ ਜੰਮਿਆ, ਇਕ ਨਮਾਣਾ ਅਣ-ਹੋਇਆ–ਹਾਏ !

ਨਾਂ-ਤੀ–ਪਰ ਮਾਂ ਨੀ, ਤੈਨੂੰ ਕਲ੍ਹ ਰਾਤ ਉਸ ਚੰਗਾ ਭਲਾ ਤਾਂ ਦਸਿਆ ਸੀ ਕਿ ਉਹ ਠੀਕ ਤਰ੍ਹਾਂ ਬਹਾਦਰਾਂ ਵਾਂਗ ਲੜ ਰਿਹਾ ਏ।

ਮਾ-ਤੇਂ–ਹਾਂ ਮੈਨੂੰ ਪਤਾ ਏ, ਉਹ ਬਾਹਰੋਂ ਬਹਾਦਰ ਏ ਪਰ ਅੰਦਰੋਂ ਵੀ ਅਜਿਹਾ ਬਹਾਦਰ ਹੋਵੇ ਤਦੇ ਹੀ ਨਾ। ਮੇਰੇ ਪੈਰਾਂ ਵਿਚ ਜਿਵੇਂ ਕੋਈ ਸੂਲਾਂ ਖੋਭਦਾ ਹੋਵੇ। ਉਸ ਨੂੰ ਇਕ ਵੇਰ ਵੇਖਣ ਲਈ ਮੇਰੇ ਕਾਲਜੇ ਧ੍ਰੂ ਪੈਂਦੀ ਏ। ਜੇ ਕਿਤੇ ਮੈਂ ਉਹਨੂੰ ਵੇਖ ਸਕਦੀ.........! ਲੜਾਈ ਵਿਚ ਅਖ਼ੀਰਲੇ ਵੇਲੇ, ਜੇ ਘੁਪ ਹਨੇਰੇ ਵਿਚ ਉਸ ਦੀਆਂ ਅਖਾਂ ਹੌਸਲੇ ਨਾਲ ਲਿਸ਼ਕਦੀਆਂ ਹੋਣ ਤਾਂ ਮੈਂ ਸਮਝਾਂਗੀ ਉਸ ਮੇਰਾ ਦੁਧ ਪੀ ਕੇ ਗਵਾਇਆ ਨਹੀਂ। (ਉਸ ਦਾ ਭਖਿਆ ਹੋਇਆ ਮੂੰਹ ਫੇਰ ਪਲਿੱਤਣ ਵਟਿਆ ਹੋ ਜਾਂਦਾ ਹੈ) ਕਦੀ ਵੀ ਤਾਂ ਮੇਰਾ ਜੀ ਐਡਾ ਕਾਹਲਾ ਨਹੀਂ ਪਿਆ। ਬਾਹਰਲੀ ਜੰਗ ਨਾਲੋਂ ਕਿਤੇ ਵਧੇਰੀ ਜੰਗ ਮੇਰੇ ਮਨ ਅੰਦਰ ਛਿੜੀ ਹੋਈ ਹੈ। ਇਹ ਅੰਦਰਲੇ ਹੌਲ–ਆਹ। ਪਤਾ ਨਹੀਂ ਮੈਨੂੰ ਕੀ ਹੋਇਆ ਏ ? ਜਿਵੇਂ......... ਜਿਵੇਂ.........(ਕਠੇ ਹੋਏ ਜਜ਼ਬਿਆਂ ਵਿਚ ਗੁਆਚੀ ਹੋਈ ਨੂੰ ਫੇਰ ਜਿਵੇਂ ਆਸ਼ਾ ਦੀ ਕਿਰਨ ਦਿਸ ਪਈ ਹੋਵੇ) ਉਹ ਮੇਰੇ ਜੀਵਨ

ਦਾ ਮਾਣ ਏ, ਲੈ ਦੇ ਕੇ ਮੇਰਾ ਇਕੋ ਸਹਾਰਾ। ਮੈਨੂੰ ਇੰਝ ਜਾਪਦਾ ਏ ਜਿਵੇਂ ਮੇਰੀਓ ਈ ਜਿੰਦ ਦਾ ਇਕ ਟੋਟਾ ਉਥੇ ਲੜ ਰਿਹਾ ਹੋਵੇ, ਬਸ ਛੀ ਕੋਹ ਪਰ੍ਹੇ—ਜੰਗਲ ਦੀ ਖੂਟ ਉਤੇ। (ਕਸੀ ਹੋਈ ਆਵਾਜ਼ ਵਿਚ) ਨਾਂ-ਤੀ।

ਨਾਂ-ਤੀ—ਹਾਂ ਮਾਂ ਨੀ।

ਮਾਂ-ਤੇਂ—ਆਪਾਂ ਚਲਾਂਗੇ। ਮੈਂ ਉਸ ਨੂੰ ਵੇਖਣਾ ਚਾਹੁੰਦੀ ਹਾਂ—ਨੇੜੇ ਹੀ ਐ ਉਹਦਾ ਤੰਬੂ। ਜੰਗਲ ਦੀਆਂ ਸਭ ਡੰਡੀਆਂ ਤੋਂ ਮੇਰੇ ਪੈਰ ਜਾਣੂ ਹਨ। ਵੇਖ ਖਾਂ, ਬਾਹਰ ਕਿਤੇ ਮੀਂਹ ਤਾਂ ਨਹੀਂ ਵਰ੍ਹਦਾ ?

ਨਾਂ-ਤੀ—(ਉਠ ਕੇ ਬਾਹਰ ਝਾਕਦੀ ਹੈ) ਨਹੀਂ ਮੀਂਹ ਤਾਂ ਨਹੀਂ, ਹਵਾ ਦੇ ਬੁਲੇ ਦਰਖਤਾਂ ਦੇ ਡਾਹਣਿਆਂ ਨੂੰ ਧੂੰਦੇ ਹਨ।

ਮਾ-ਤੇਂ—ਤੂੰ ਮੇਰੇ ਨਾਲ ਚਲੇਂਗੀ ?

ਨਾਂ-ਤੀ—ਹਾਂ ਮਾਂ ਨੀ। ਮੈਂ ਚਲਾਂਗੀ। ਮੇਰਾ ਜੀ ਵੀ ਬਹੁਤ ਕਾਹਲਾ ਪੈਂਦਾ ਏ।

ਮਾ-ਤੇਂ—ਇਸ ਭਿਜੀ ਤੇ ਕਾਲੀ ਬੋਲੀ ਰਾਤ ਵਿਚ ਚਲੇਂਗੀ ਨਾ ?

ਨਾਂ-ਤੀ—ਹਾਂ ਮਾਂ ਨੀ—ਮੈਨੂੰ ਤੇਰੀ ਸੋਟੀ ਤੇ ਮਸਾਲ ਚੁਕ ਲੈਣ ਦੇ।

[ਬਲੂੰਗੜਾ ਬੋਲਦਾ ਹੈ।

ਮਾ-ਤੇਂ—ਪਰ ਬਿੱਲੀ ਦੇ ਇਸ ਜਾਏ ਨੂੰ ਕੁਝ ਖਾਣ ਨੂੰ ਤਾਂ ਦੇ। ਵਿਚਾਰਾ ਭੁਖਾ ਏ, ਵੇਖ ਕਿਵੇਂ ਕਰਲਾਉਂਦਾ ਏ।

ਨਾਂ-ਤੀ—ਅਜ ਬੁਢੇ ਆਈਰਵ ਨੇ ਮੈਨੂੰ ਭੋਰਾ ਕੁ ਪਨੀਰ ਖਾਣ ਨੂੰ ਦਿਤਾ ਸੀ, ਪਰ ਮੈਂ ਖਾਧਾ ਨਹੀਂ।

[ਉਹ ਬਲੂੰਗੜੇ ਨੂੰ ਮਿਆਉਂ ਮਿਆਉਂ ਕਰਕੇ ਬਲਾਉਂਦੀ ਹੈ। ਬਲੂੰਗੜਾ ਆ ਕੇ ਉਸ ਦੀ ਝੋਲੀ ਵਿਚ ਵਿਚ ਬੈਠ ਜਾਂਦਾ ਹੈ। ਅਤੇ ਆਪਣੀਆਂ ਨਾਸਾਂ ਉਤਾਂਹ ਅਡ ਲੈਂਦਾ ਹੈ। ਉਹ ਉਸ ਨੂੰ ਪਨੀਰ ਖਵਾਂਦੀ ਹੈ।

ਮਾ-ਤੇਂ–ਲਿਆ ਹੁਣ ਮੇਰੀ ਸੋਟੀ ਕਿਥੇ ਐ? ਫੜਾਈਂ–

ਨਾਂ-ਤੀ–(ਸੋਟੀ ਦਿੰਦੇ ਹੋਏ) ਆਹ ਲੈ।

ਮਾ-ਤੇਂ–ਬੂਹੇ ਨੂੰ ਘੁਟ ਕੇ ਭੇੜ ਦੇ। ਆਪਾਂ ਹੁਣੇ ਵਾਪਸ ਪਰਤ ਆਵਾਂਗੇ, ਦੀਵੇ ਨੂੰ ਫੂਕ ਨਾ ਮਾਰੀਂ। ਸਾਡੇ ਪਿਛੋਂ ਵੀ ਬਲਦੀ ਹੇ ਜਿਤ ਦੀ ਇਹ ਨਿਕੀ ਜਿਹੀ ਜੋਤ–

ਨਾਂ-ਤੀ–ਤੂੰ ਵਹਿਮਣ ਏਂ ਮਾਂ।

ਮਾ-ਤੇਂ–ਇਹ ਨਾ ਆਖ ਮੇਰੀ ਬਚੜੀ। ਤੈਨੂੰ ਕੀ ਪਤਾ ਕਿੰਨਾ ਸਚ ਲੁਕਿਆ ਪਿਆ ਏ ਇਨ੍ਹਾਂ ਗੀਤਾਂ ਵਿਚ, ਕਿੰਨੀ ਅਸਲੀਅਤ ਐ ਇਸ ਵਹਿਮ ਵਿਚ।

[ਬੂਹਾ ਭੀੜ ਕੇ ਦੋਵੇਂ ਬਾਹਰ ਨਿਕਲਦੀਆਂ ਹਨ। ਹਵਾ ਬੜੀ ਤੇਜ਼ ਵਗਦੀ ਐ, ਨਾਂ-ਤੀ, ਆਪਣੇ ਝਗੇ ਚੁੰਨੀ ਨੂੰ ਬੋਚੀਂ ਤੇ ਲਹਿੰਗੇ ਦੀਆਂ ਵਲਗਣਾ ਰਤਾ ਘੁਟ ਕੇ ਫੜੀਂ।

ਨਾਂ-ਤੀ–ਹਛਾ ਮਾਂ ਨੀ।

[ਉਹਨਾਂ ਦੇ ਪੈਰਾਂ ਦੀ ਬਿੜਕ ਹਵਾ ਦੇ ਕੂਕਦੇ ਬੁਲ੍ਹਿਆਂ ਵਿਚ ਗੁਆਚ ਜਾਂਦੀ ਹੈ।

ਪਰਦਾ

## ਤੀਜੀ ਝਾਕੀ

ਸੁਨਸਾਨ ਹਨੇਰਾ ਜੰਗਲ। ਹਵਾ ਪਤਿਆਂ ਨੂੰ ਛੰਡਦੀ ਸ਼ਾਂ ਸ਼ਾਂ ਕਰਦੀ ਵਗਦੀ ਹੈ। ਮਾ-ਤੇਂ ਤੇ ਨਾਂ-ਤੀ ਕੁੰਗੜੀਆਂ ਹੋਈਆਂ ਬਚਾ ਬਚਾ ਕੇ ਪੈਰ ਧਰਦੀਆਂ ਆਉਂਦੀਆਂ ਹਨ। ਇਕ ਦਮ ਦੋਵੇਂ ਠਹਿਰ ਜਾਂਦੀਆਂ ਹਨ।

ਨਾਂ-ਤੀ–ਮਾਂ, ਅਗੇ ਰਾਹ ਮੁੰਦਿਆ ਪਿਆ ਏ।

ਮਾ-ਤੇਂ–ਮਸ਼ਾਲ ਦਾ ਚਾਨਣ ਰਤਾ ਟਿਕਵਾਂ ਸੁਟ।

ਨਾਂ-ਤੀ–ਇਹ ਕੀ ਪਿਆ ਏ ਇਸ ਤਰ੍ਹਾਂ ਪਸਰਿਆ ਹੋਇਆ ?

ਮਾ-ਤੇਂ–ਇਕ ਮੁਰਦਾ ਘੋੜਾ। ਕਿਸੇ ਦਰਖਤ ਦਾ ਡਾਹਣ ਟੁਟ ਕੇ ਆ ਵਜਾ ਹੋਣਾ ਏ।

ਨਾਂ-ਤੀ–ਤੇ ਪਾਣੀ ਇਸ ਦੀ ਵਖੀ ਕੋਲੋਂ ਦੀ ਗਰਗ ਗਰਲ ਲੰਘਦਾ ਏ।

ਮਾ-ਤੇਂ–ਹਾਂ ਪਤਿਆਂ ਝਾੜਾਂ ਵਿਚੋਂ ਸਿਮ ਸਿਮ ਕੇ ਪਾਣੀ ਦਾ ਇਹ ਛੋਟਾ ਜਿਹਾ ਨਾਲਾ ਇਸ ਮੋਟੇ ਘੋੜੇ ਨਾਲ ਖਹਿ ਕੇ ਲੰਘਦਾ ਏ। ਰਤਾ ਬਚ ਕੇ ਆਵੀਂ। ਸਿਲ਼ ਉਤੇ ਪਬ ਰਖ ਤੇ ਮੇਰੀ ਸੋਟੀ ਦਾ ਸਹਾਰਾ ਲੈ ਕੇ ਟਪ ਜਾ ਹੁਣ ਇਸ ਨਿਕੀ ਜਿਹੀ ਖੱਡ ਨੂੰ–

ਨਾਂ-ਤੀ–(ਟਪਦੀ ਹੈ) ਆਹ–

ਮਾ-ਤੇਂ–ਸ਼ਾਬਾਸ਼ੇ, ਲਿਆ ਹੁਣ ਸੋਟੀ ਮੈਨੂੰ ਫੜਾ।

[ਨਾਂ-ਤੀ ਸੋਟੀ ਫੜਾ ਦਿੰਦੀ ਹੈ, ਤੇ ਮਾ-ਤੇਂ ਟਪਦੀ ਹੈ।

ਲੈ ਹੁਣ ਇਥੋਂ ਇਹ ਡੰਡੀ ਜੰਗਲ ਦੇ ਉਲਝੇ ਗੁਲਝੇ ਝਾੜਾਂ ਵਿਚ ਗੁਆਚ ਜਾਂਦੀ ਏ। ਰਤਾ ਵੇਖ ਕੇ ਟੁਰੀਂ।

ਨਾਂ-ਤੀ–ਅਛਾ ਮਾਂ ਨੀ–(ਹਫਦੀ ਹੋਈ) ਕਿੰਨਾ ਕੁ ਪੈਂਡਾ ਹੋਰ ਐ ਹਾਲੇ ?

ਮਾ–ਤੇਂ–ਬਸ ਜੰਗਲ ਦਾ ਇਹ ਪਾਸਾ ਲੰਘਕੇ ਆਪਾਂ ਪਹਾੜੀ ਦੇ ਇਕ ਖੁਲ੍ਹੇ ਰੋੜੇ ਮੈਦਾਨ ਵਿਚ ਜਾ ਅਪੜਾਂਗੇ।

[ਉਹ ਪਤਿਆਂ ਟਾਹਣੀਆਂ ਨੂੰ ਲਤਾੜਦੀਆਂ ਟੁਰਦੀਆਂ ਜਾਂਦੀਆਂ ਹਨ।

ਨਾਂਤੀ–ਆਹ! ਬੰਦੂਖ ਦੀ ਆਵਾਜ਼! ਸੁਣੀ ਸੀ ਮਾਂ ਤੂੰ ਇਹ ਆਵਾਜ਼ ? (ਫੇਰ ਬੰਦੂਖਾਂ ਦੀ ਅਟੁਟ ਠਕ ਠਕ ਠਕ) ਤੇ ਦਰਖਤਾਂ ਦੇ ਕਾਲੇ ਝੇਵਿਆਂ ਪਿਛੇ ਉਹ ਵੇਖੀਆਂ ਸਨ ਤੂੰ ਨੀਲਤਣ ਵਟੀਆਂ ਲਾਲ ਲਾਟਾਂ ? ਕਿਵੇਂ ਚਾਰ ਦੁਫੇਰੀ ਕਾਲਸ ਵਿਚ ਤ੍ਰਬਕ ਉਠਦਾ ਏ ਭਿਆਨਕ ਚਾਨਣਾ ?

ਮਾ-ਤੇਂ–ਹਾਂ, ਹੁਣ ਆਪਾਂ ਉਨ੍ਹਾਂ ਦੇ ਪੜਾਓ ਕੋਲ ਹੀ ਆ ਪੁਜੇ ਹਾਂ।

ਨਾਂ-ਤੀ–(ਸਹਿਮ ਤੇ ਹੈਰਾਨੀ ਨਾਲ) ਉਹ ਕਿਹੋ ਜਹੀਆਂ ਅੱਗ ਦੀਆਂ

ਤਿਖੀਆਂ ਤਿਖੀਆਂ ਜੀਭਾਂ! ਹਰੇ ਖੁੰਜਿਆਂ ਵਾਲੇ ਉਤਾਂਹ ਉਭਰਦੇ ਲੂੰਬੇ!

ਮਾ-ਤੇਂ–ਹਾਂ, ਦਰਿਆ ਦੇ ਉਸ ਕੰਢੇ ਜਾਪਾਨੀ ਫ਼ੌਜਾਂ ਹਨ ਤੇ ਆਪਾਂ ਸਾਲ-ਵੀਨ ਦਾ ਰੌਲਾ ਵੀ ਸੁਣ ਸਕਦੇ ਹਾਂ। ਬੱਤੀ ਬੁਝਾ ਦੇ, ਤੇ ਮੇਰੇ ਨੇੜੇ ਹੋ ਜਾ।

ਨਾਂ-ਤੀ–(ਮਾ-ਤੇਂ ਦੇ ਕੋਲ ਹੋਕੇ ਪਤਲੀ ਅਵਾਜ਼ ਵਿਚ) ਚੰਗਾ ਮਾਂ।

[ਕਿਸੇ ਦੇ ਬੂਟਾਂ ਦੀ ਜ਼ੋਰ ਜ਼ੋਰ ਦੀ ਖਟ ਖਟ।

ਮਾ-ਤੇਂ–ਮੇਰੇ ਨਾਲ ਲਗ ਜਾ ਨਾਂ-ਤੀ,ਹੋਰ ਕੋਡਿਆਂ ਹੋਕੇ(ਬੁੜਬੁੜਾਂਦੀ ਹੋਈ) ਪਤਾ ਨਹੀਂ ਕੌਣ ਆਉਂਦਾ ਏ।

[ਨਸਿਆ ਹੋਇਆ ਇਕ ਸਿਪਾਹੀ ਵੜਦਾ ਹੈ।

ਸਿਪਾਹੀ–(ਖਲੋ ਕੇ ਤੇ ਗੌਰ ਨਾਲ ਉਨ੍ਹਾਂ ਵਲ ਤਕ ਕੇ) ਕੌਣ ਲੁਕਿਆ ਹੋਇਆ ਏ ਇਥੇ? ਇੰਜ ਸੁੰਗੜਿਆ ਹੋਇਆ?

ਨਾਂ-ਤੀ–(ਡਰ ਨਾਲ ਤ੍ਰਬਕ ਕੇ) ਮੈਂ ਹਾਂ ਨਾਂ-ਤੀ।

ਮਾ-ਤੇਂ–ਮੈਂ ਮੁੰਗਵਾ ਦੀ ਮਾਂ।

ਸਪਾਹੀ–ਆਹ ਮੁੰਗਵੇ ਦੀ ਮਾਂ, ਚਾਚੀ ਮਾ-ਤੇਂ?

ਮਾ-ਤੇਂ–ਹਾਂ, ਤੇ ਤੂੰ ਸਾਬਿੰਗ? ਤੂੰ ਕਿਧਰ?

ਸਾਬਿੰਗ–(ਕਾਹਲੀ ਵਿਚ) ਜਾਪਾਨੀਆਂ ਸਾਡੇ ਮੋਰਚੇ ਭੰਨ ਦਿਤੇ ਨੇ ਤੇ ਉਹ ਹੁਣ ਪੁਲ ਪਾਰ ਕਰ ਰਹੇ ਨੇ–

ਮਾ-ਤੇਂ–ਆਹ!

ਸਾਬਿੰਗ–ਤੇ ਸਾਡੇ ਸਾਰੇ ਸਿਪਾਹੀ ਇਸ ਪਾਸੇ ਕਠੇ ਹੋ ਗਏ ਨੇ–

ਨਾਂ-ਤੀ–ਮੁੰਗਵਾ ਕਿਥੇ ਏ?

ਸਾਬਿੰਗ–(ਸਾਹੋ ਸਾਹ ਹੋਇਆ ਉਸਦੀ ਗਲ ਸੁਣੀ ਅਨਸੁਣੀ ਕਰਕੇ) ਅਸੀਂ ਪੁਲ ਨੂੰ ਬਰੂਦ ਨਾਲ ਉਡਾ ਦੇਣ ਦਾ ਫੈਸਲਾ ਕਰ ਲਿਆ ਏ। ਜਦ ਜਾਪਾਨੀ ਪਾਰ ਕਰਕੇ ਏਧਰ ਆਉਣ ਲਗੇ ਤਾਂ ਸਾਡੇ ਸਾਰੇ ਜਵਾਨ ਉਨ੍ਹਾਂ ਨੂੰ ਭੁੰਨ ਦੇਣਗੇ, ਤੇ ਬਰੂਦ ਨਾਲ ਪੁਲ ਦੇ

ਤੂਸਕੇ ਉਡਾ ਦੇਣਗੇ।

ਮਾ-ਤੇਂ–ਪਰ ਮੇਰਾ ਲਾਲ ਮੁੰਗਵਾ ਕਿਥੇ ਏ? ਉਹ ਲੜਿਆ ਤਾਂ ਠੀਕ ਸੀ ਨਾ?

ਸਾਥਿੰਗ–(ਜੋਸ਼ ਨਾਲ ਉਖੜੇ ਬੋਲ ਵਿਚ) ਬਹੁਤ ਚੰਗੀ ਤਰਾਂ।

ਮਾ-ਤੇਂ–ਨਿਸ਼ਾਨਾ ਠੀਕ ਲਾਉਂਦਾ ਏ?

-ਾਥਿੰਗ–ਸਭਨਾਂ ਤੋਂ ਵਧਕੇ।

ı-ਤੇਂ–ਮੈਂ ਉਸ ਨੂੰ ਵੇਖਣਾ ਚਾਹੁੰਦੀ ਆਂ। ਜੇ ਮੈਂ ਉਸਨੂੰ ਲੜਦਾ ਹੋਇਆ ਤਕ ਸਕਾਂ–ਹਾਂ ਲੜਦਾ ਹੋਇਆ, ਆਪਣੀ ਥਾਂ ਤੇ ਅਹਿੱਲ–

ਸਾਥਿੰਗ–ਉਹ ਤਾਂ ਸਚ ਪੁਲ ਨੂੰ ਉਡਾਣ ਲਈ ਚੁਣਿਆ ਗਿਆ ਏ। ਸਭਨਾਂ ਤੋਂ ਸ਼ੇਰ ਤੇ ਬਹਾਦਰ ਤੇ ਨਿਡਰ ਤੇ ਨਿਝੱਕ–(ਸਿਪਾਹੀਆਂ ਦੇ ਪੈਰਾਂ ਦੀ ਵਿੜਕ ਸੁਣੀਂਦੀ ਹੈ) ਸੁਣਿਆ? ਇਹ ਸਾਡੇ ਸਿਪਾਹੀ ਇਧਰ ਕੱਠੇ ਹੋ ਰਹੇ ਨੇ, ਸਾਰੇ ਦੇ ਸਾਰੇ।

ਮਾ-ਤੇਂ–ਤੇ ਮੁੰਗਵਾ?

ਸਾਥਿੰਗ–ਉਹ ਪੁਲ ਹੇਠ ਲੁਕਿਆ ਬੈਠਾ ਏ। ਜਦ ਜਾਪਾਨੀ ਲੰਘੇ, ਉਹ ਬਰੂਦ ਦੇ ਪਲੀਤੇ ਨੂੰ ਅੱਗ ਲਾ ਦੇਵੇਗਾ। ਉਹ ਵੇਖ–(ਉਂਗਲ ਦੀ ਸੈਨਤ ਕਰਕੇ) ਉਹ ਪੁਲ ਦਾ ਹਨੇਰੇ ਵਿਚ ਧਸਦਾ ਲੋਹੇ ਦਾ ਕਾਲਾ ਜਗਲਾ–ਜਿਹੜਾ ਖਬੇ ਪਾਸੇ ਪਿਛੇ ਜੰਗਲ ਦੇ ਝਾੜਾਂ ਵਿਚ ਗੁੰਮ ਜਾਂਦਾ ਏ–ਉਥੇ ਜੰਗਲੇ ਦੇ ਹੇਠਾਂ।

[ਤਿਖੇ ਅਟੁਟ ਬੰਦੂਕ ਦੇ ਪਟਾਕਿਆਂ ਦੀ ਆਵਾਜ਼ ਤੇ ਫੇਰ ਇਕ ਦਮ ਚੁਪ ਚਾਪ।

ਨਾਂ-ਤੀ–(ਦਹਿਲੀ ਹੋਈ ਆਵਾਜ਼ ਵਿਚ) ਜਾਪਾਨੀਆਂ ਨੇ ਪੁਲ ਲੈ ਲਿਆ।

[ਸਿਪਾਹੀਆਂ ਦੀ ਪੋਲੀ ਪੋਲੀ ਘੁਸਰ ਮੁਸਰ ਦੀ ਆਵਾਜ਼।

ਸਾਥਿੰਗ–ਅਜੇ ਨਹੀਂ–ਬਸ ਸਾਰੇ ਜਵਾਨ ਉਡੀਕਦੇ ਨੇ, ਸ਼ਾਇਦ ਹੁਣੇ ਈ–

[ਪੁਲ ਟੁਟਣ ਦੀ ਉੱਚੀ ਕੜਕੜਾਂਦੀ ਆਵਾਜ਼ ਖਿੰਡ ਕੇ

ਛੋਟੀਆਂ ਛੋਟੀਆਂ ਆਵਾਜ਼ਾਂ ਵਿਚ ਬੁਰਜ਼ਾ ਉਠਦੀ ਹੈ।

ਸਾਰੇ ਸਿਪਾਹੀ—(ਚੀਖ ਕੇ) ਹੱਲਾ, ਬਲੇ ਸ਼ੇਰ ਦੇ—

[ਫਿਰ ਬੰਦੂਕਾਂ ਦੀ ਲਗਾਤਾਰ ਠਕ ਠਕ ਸੁਣੀਂਦੀ ਹੈ। ਫੇਰ ਸਾਰੇ ਜਣੇ ਇਕ ਭਰਵਾਂ ਜੁਸ਼ੀਲਾ ਨਾਹਰਾ ਲਾਂਦੇ ਹਨ 'ਮਾਰ ਸੁਟਿਆ ਵੈਰੀ ਨੂੰ' !

ਨਾਂ-ਤੀ—ਉਹ ਨੀਲੀਆਂ ਮਚਦੀਆਂ ਲਾਟਾਂ—ਪੁਲ ਉਡ ਗਿਆ ਏ!

ਸਾਥਿੰਗ—ਹਾਂ—ਤੇ ਉਸ ਨਾਲ ਸਾਰੇ ਦੇ ਸਾਰੇ ਜਾਪਾਨੀ ਜਿਹੜੇ ਇਸ ਨੂੰ ਪਾਰ ਕਰ ਰਹੇ ਸਨ।

ਮਾ-ਤੇਂ—ਪਰ ਮੁੰਗਵਾ ਕਿਥੇ ਏ? ਮੇਰਾ ਲਾਲ ਸ਼ੇਰ।

ਸਾਥਿੰਗ—(ਗੰਭੀਰ ਹੋ ਕੇ) ਉਹ ਸਾਡੇ ਸਾਰਿਆਂ 'ਚੋਂ ਸ਼ੇਰ ਸੀ, ਨਿਡਰ—ਤੇ ਉਸ ਪੁਲ ਤੋੜਿਆ ਏ। ਇਸ ਜਿਤ ਖਾਤਰ ਉਸ ਆਪਣੀ ਜਾਨ ਵਾਰ ਦਿਤੀ।

ਨਾਂ-ਤੀ—(ਠੁਸ ਠੁਸ ਕਰਕੇ) ਪਰ......ਉਸ......ਤਾਂ......ਆਖਿਆ ਸੀ......

ਸਾਥਿੰਗ—ਸਾਡੇ ਸਾਰੇ ਸਿਪਾਹੀ ਇਸ ਜਿਤ ਨੂੰ ਮਨਾਉਣ ਲਈ ਇਧਰ ਕਠੇ ਹੋਏ ਹਨ—ਅਠ ਸੌ ਜਾਪਾਨੀ ਮਰ ਗਏ।

ਨਾਂ-ਤੀ—(ਡੁਸਕਦੀ ਹੋਈ) ਆਖਦਾ ਸੀ—ਮੈਂ ਛਨਿਛਰਵਾਰ ਆਵਾਂਗਾ......... ਤੇ ਕਲ-ਮੂੰਹੇ ਜਾਪਾਨੀਆਂ ਉਸ...........

ਸਾਥਿੰਗ—ਸਾਰੀ ਫੌਜ ਨੂੰ ਉਸ ਉਤੇ ਮਾਣ ਏ, ਉਸ ਮਾਂ ਉਤੇ ਜਿਸ ਦੀ ਕੁਖ ਨੇ ਅਜਿਹਾ ਲਾਲ ਜੰਮਿਆ, ਚੀਨ ਦੀ ਸਾਰੀ ਧਰਤੀ ਉਸ ਦੀ ਸੂਰਬੀਰਤਾ ਉਤੇ—

[ਪੋਲੇ ਸੁਰਾਂ ਵਿਚ ਗੀਤ ਸ਼ੁਰੂ ਹੋ ਜਾਂਦਾ ਹੈ।

ਮਾ-ਤੇਂ—(ਹੰਝੂਆਂ ਵਿਚ) ਮੇਰਾ ਪੁਤ............ਮੈਂ ਸੋਚਿਆ ਕਰਦੀ ਸਾਂ—ਕਿ ਤੂੰ ਸ਼ੇਰਾਂ ਵਾਂਗ ਲੜੇਂਗਾ ਤੇ ਮੇਰੀ ਕੁੱਖ ਦੀ ਲਾਜ ਰਖੇਂਗਾ। ਮੈਂ ਸਦਾ ਸੋਚਿਆ ਕਰਦੀ ਸਾਂ—(ਇਕ ਦਮ ਜੋਸ਼ ਨਾਲ ਭਖ ਕੇ) ਮੈਨੂੰ ਪਤਾ ਸੀ ਕਿ ਤੂੰ ਬਹਾਦਰਾਂ ਵਾਂਗ ਲੜੇਂਗਾ।

[ਸਿਪਾਹੀਆਂ ਦਾ ਗੀਤ ਉੱਚਾ ਹੋ ਜਾਂਦਾ ਹੈ।

ਜੋ ਬੁਲਾਂਦੇ ਹਾਂ ਉਸ ਧਰਤੀ ਦੀ
ਉਸ ਸੁਨਹਿਰੀ ਧਰਤੀ ਦੀ
ਉਸ ਚੰਗੀ ਮਾਂ ਦੀ
ਜਿਸ ਜੰਮਿਆ ਅਜਿਹਾ ਵੀਰ, ਅਜਿਹਾ ਵੀਰ, ਅਜਿਹਾ ਵੀਰ।

ਜੋ ਬੁਲਾਂਦੇ ਹਾਂ, ਉਸ ਭੈਣ ਦੀ
ਉਸ ਸੁਭਾਗੀ ਭੈਣ ਦੀ
ਨਾਲ ਜੋ ਬਚਪਨ 'ਚ ਖੇਡੀ ਅਜਿਹੇ ਭਰਾ,ਅਜਿਹੇ ਭਰਾ,ਅਜਿਹੇਭਰਾ।

ਤੂਫਾਨਾਂ ਮੱਲੀ ਰਾਤ ਦਾ ਹਨ੍ਹੇਰਾ
ਗੋਲੀਆਂ ਸਲਿਆ ਹਨ੍ਹੇਰਾ
ਢੂੰਧਿਆਇਆ ਹੋਇਆ ਏ ਜੋ
ਤੋਪਾਂ ਦੇ ਪੀਲੇ ਧਮਾਕਿਆਂ ਨਾਲ,

ਅਸੀਂ ਗਾ ਉਠਦੇ ਹਾਂ ਫੇਰ
ਤੇਰੇ ਬਿਰਛਾਂ ਦੀ ਜਿਤ
ਤੇਰੀਆਂ ਝੀਲਾਂ ਦੀ ਜਿਤ
ਤੇਰੇ ਪਰਬਤਾਂ ਦੀ ਜਿਤ।

[ਨਾਂ-ਤੀ ਤੇ ਮਾ-ਤੇਂ ਸਿਪਾਹੀਆਂ ਦੇ ਜਿਤ ਦੇ ਗੀਤ ਵਿਚ ਰਲ ਜਾਂਦੀਆਂ ਹਨ।ਜਿਉਂ ਜਿਉਂ ਗੀਤ ਅਗਾਂਹ ਵਧਦਾ ਹੈ, ਮਾਂ ਧੀ ਦੀਆਂ ਆਵਾਜ਼ਾਂ ਸਾਫ਼, ਤਕੜੀਆਂ, ਤੇ ਤਿਖੀਆਂ ਹੋ ਜਾਂਦੀਆਂ ਹਨ, ਤੇ ਪਿਛਵਾੜੇ ਵਿਚ ਸਿਪਾਹੀਆਂ ਦੇ ਬੋਲ ਡੂੰਘੇ ਹੋ ਜਾਂਦੇ ਹਨ।

ਡਰਾਪ

# ਭੇੜ

## ਪਾਤਰ

ਡਾਕਟਰ—ਦੀਵਾਨ ਚੰਦ !
ਮਾਇਆ—ਉਸ ਦੀ ਵਹੁਟੀ ।
ਇੰਦੋ—ਉਸਦੀ ਧੀ ।
ਸੰਤੋ—ਇੰਦੋ ਦੀ ਸਹੇਲੀ ।
ਬਸ਼ੰਧਰ ਦਾਸ—ਇਕ ਵਕੀਲ ।
ਥਾਂ—ਡਾਕਟਰ ਦਾ ਘਰ ।
ਵੇਲਾ—ਆਥਨ ਦੇ ਚਾਰ ਵਜੇ ।

ਪਰਦਾ ਉਠਦਾ ਹੈ

ਮਾਇਆ ਇਕ ਮੂਵੇ ਉਤੇ ਪਲਾਥੀ ਮਾਰੀ ਬੈਠੀ ਭੁੱਗੇ ਦੇ ਪਿੰਨੇ ਵਟ ਵਟ ਇਕ ਥਾਲੀ ਵਿਚ ਧਰੀ ਜਾਂਦੀ ਹੈ । ਉਹ ਤ੍ਰੀਹਾਂ ਵਰ੍ਹਿਆਂ ਦੀ ਕਣਕ ਭਿੰਨੇ ਰੰਗ ਦੀ ਤ੍ਰੀਵੀਂ ਹੈ । ਉਸ ਦੇ ਮੱਥੇ ਉਤੇ ਬਿੰਦੀ ਹੈ, ਨੱਕ ਵਿਚ ਕੋਕਾ ਹੈ, ਤੇ ਮੋਟੀ ਠੋਡੀ ਉਤੇ ਤਿੰਨ ਹਰੇ ਟਿਮਕਣੇ ਖੁਣੇ ਹੋਏ ਹਨ । ਸਲਵਾਰ ਤੇ ਕਮੀਜ਼ ਤੋਂ ਉਸਦੀ ਚੁੰਨੀ ਦਾ ਰੰਗ ਨਵਾਂ ਤੇ ਨਿਖਰਿਆ ਹੋਇਆ ਹੈ ।

ਉਸ ਦੇ ਕੋਲ ਦੋ ਥਾਲੀਆਂ ਵਿਚ ਪੇੜੇ ਤੇ ਲੱਡੂ ਪਏ ਹਨ, ਤੇ ਇਕ ਪਾਣੀ ਦੀ ਭਰੀ ਹੋਈ ਗੜਵੀ ਜਿਸ ਦੀ ਗਰਦਨੀ ਉਤੇ ਖੰਬਨੀ

ਬੰਨੀ ਹੋਈ ਹੈ।

ਖੱਬੇ ਪਾਸੇ ਇਕ ਚੁਲ੍ਹਾ ਹੈ ਤੇ ਉਸ ਦੇ ਉਤੇ ਕੰਧ ਨਾਲ ਇਕ ਅਧ-ਖੁਲ੍ਹੀ ਅਲਮਾਰੀ ਹੈ ਜਿਸ ਵਿਚ ਰਸੋਈ ਦਾ ਸਾਰਾ ਕਾਠ-ਕਵਾੜ ਪਿਆ ਹੈ। ਸਜੇ ਪਾਸੇ ਇਕ ਬੂਹਾ ਹੈ ਜੋ ਗਲੀ ਵਿਚ ਖੁਲ੍ਹਦਾ ਹੈ।

ਉਸ ਦੇ ਸਾਹਮਣੇ ਉਸ ਦੀ ਸਤ ਕੁ ਵਰ੍ਹਿਆਂ ਦੀ ਧੀ ਇੰਦੋ ਬੈਠੀ ਉਸ ਵਲ ਬਿਟ ਬਿਟ ਤਕ ਰਹੀ ਹੈ।

[ਮਾਇਆ ਪਿੰਨੇ ਗਿਣਦੀ ਹੈ। ਇੰਦੋ ਉਤਾਵਲੀ ਜਾਪਦੀ ਹੈ।

ਇੰਦੋ—ਮਾਂ, ਮੈਨੂੰ ਹੁਣ ਪੇੜੇ ਖਾਣ ਨੂੰ ਕਦ ਦਵੇਂਗੀ?

ਮਾਇਆ—(ਪਿੰਨੇ ਵਟਦੀ ਹੋਈ ਠਹਿਰ ਕੇ) ਹਾਲੇ ਨਹੀਂ ਜੂਠ ਪਾਉਣੀ।

ਇੰਦੋ—ਕਿਉਂ?

ਮਾਇਆ—ਜਦ ਬਾਹਮਣੀ ਕਥਾ ਕਰ ਜਾਵੇਗੀ, ਤਦ ਤੈਨੂੰ ਦੇਵਾਂਗੀ ਪੇੜੇ।

ਇੰਦੋ—ਧੁਪਾਂ ਕਿਤੇ ਦੀਆਂ ਕਿਤੇ ਨਿਕਲ ਗਈਆਂ, ਤੇ ਹਾਲੇ ਬਾਹਮਣੀ ਆਉਣ ਵਿਚ ਨਹੀਂ ਆਉਂਦੀ।

ਮਾਇਆ—ਤੂੰ ਜਾ ਕੇ ਸਦ ਲਿਆ ਖਾਂ।

ਇੰਦੋ—ਮੈਂ ਤਿੰਨ ਵਾਰ ਤਾਂ ਬੁਲਾ ਚੁਕੀ ਹਾਂ, ਉਹ ਆਖਦੀ ਸੀ ਕਿ ਨਾਲ ਦੇ ਘਰ ਕਥਾ ਸੁਣਾ ਕੇ ਆਵਾਂਗੀ।

ਮਾਇਆ—ਚੰਗਾ, ਫੇਰ ਓਦੋਂ ਤੀਕਰ ਸਬਰ ਕਰ।

[ਇੰਦੋ ਥੋੜਾ ਚਿਰ ਚੁਪ ਰਹਿੰਦੀ ਹੈ, ਮਾਇਆ ਚੁਲੇ ਉਤੇ ਚੜ੍ਹੀ ਸਬਜ਼ੀ ਵਿਚ ਕੜਛੀ ਮਾਰਦੀ ਹੈ ਤੇ ਫੇਰ ਆ ਕੇ ਪਿੰਨੇ ਵਟਦੀ ਹੈ।

ਇੰਦੋ—ਪਰ ਮਾਂ, ਤੂੰ ਸਾਰੀ ਦਿਹਾੜਾ ਨਿਰਨੇ ਕਾਲਜੇ ਕਿਉਂ ਰਹਿੰਨੀ ਏਂ? ਐਡੀ ਲੰਮੀ ਦਿਹਾੜ!—ਤੇ ਬਾਹਮਣੀ ਕਿੰਨੀ ਭੈੜੀ ਹੈ!

ਮਾਇਆ—ਹਾਂ, ਹਰ ਇਕ ਤੀਵੀਂ ਸੰਕਟ ਚੌਥ ਦਾ ਇਹ ਵਰਤ ਰਖਦੀ ਏ।

ਇੰਦੋ—ਕਿਉਂ?

ਮਾਇਆ–ਇਸ ਲਈ ਕਿ ਸੰਕਟ ਮਾਈ ਸਾਡੀਆਂ ਸਭ ਔਖਾਂ ਦੂਰ ਕਰਦੀ ਏ ।

ਇੰਦੋ–ਤੇ ਜੇ ਕੋਈ ਵਰਤ ਨਾ ਰਖੇ, ਫੇਰ ?

ਮਾਇਆ–ਤੂੰ ਤਾਂ ਝੱਲੀ ਏਂ, ਇਹ ਕੀਕੁਰ ਹੋ ਸਕਦਾ ਏ ? ਤੈਨੂੰ ਪਤਾ ਨਹੀਂ ਕਿ ਇਕ ਵਾਰ ਇਕ ਰਾਣੀ ਨੇ ਸੰਕਟ ਮਾਈ ਦਾ ਵਰਤ ਰਖਿਆ ਤੇ ਜੂਠ ਪਾ ਦਿਤੀ ।

ਇੰਦੋ–ਫੇਰ ਕੀ ਹੋਇਆ ?

ਮਾਇਆ–ਹੋਣਾ ਕੀ ਸੀ ! ਉਸ ਦੀ ਧੀ ਦਾ ਵਿਆਹ ਸੀ, ਉਹ ਰਾਜ ਕੁਮਾਰ ਦੇ ਪੈਰਾਂ ਉਤੇ ਕੱਚੀ ਲੱਸੀ ਡੋਲ੍ਹ ਰਹੀ ਸੀ, ਭੁਲ ਕੇ ਉਸ ਚੌਲਾਂ ਦਾ ਫੱਕਾ ਮਾਰ ਲਿਆ । ਓਸੇ ਵੇਲੇ ਘੜੇ ਚੋਂ ਗਾਨੀਆਂ ਤੇ ਮਾਲਾ ਗੁੰਮ ਹੋ ਗਈ ਤੇ ਰਾਜ ਕੁਮਾਰ ਜੰਗਲਾਂ ਵਿਚ ਨੱਸ ਗਿਆ ।

ਇੰਦੋ–(ਘਾਬਰ ਕੇ) ਫੇਰ ?

[ਸੰਤੋ ਚੁੰਨੀ ਦਾ ਪੱਲਾ ਦੰਦਾਂ ਵਿਚ ਨੱਪੀ ਅੰਦਰ ਆਉਂਦੀ ਹੈ ।

ਸੰਤੋ–ਇੰਦੋ ! ਗਲੀ ਵਿਚ ਤੈਨੂੰ ਸਾਰੇ ਹਾਣੀ ਡਾਹਣੇ ਡਾਹਣੇ ਖੇਡਨ ਲਈ ਉਡੀਕਦੇ ਨੇ, ਆ ਚਲੀਏ ।

[ਬਾਹਰ ਗਲੀ ਵਿਚ ਖੇਡਦੀਆਂ ਕੁੜੀਆਂ ਦਾ ਗੀਤ ਸੁਣਾਈ ਦਿੰਦਾ ਹੈ, ਵਾਰੋ ਵਾਰ ਦੋ ਕੁੜੀਆਂ ਇਕ ਇਕ ਟੱਪਾ ਗਾ ਰਹੀਆਂ ਹਨ ।

ਕਿਸ ਨੂੰ ਲੈਣ ਤੁਸੀਂ ਆਉਂਦੇ ਓ
ਆਉਂਦੇ ਓ ਜੀ ਆਉਂਦੇ ਓ
ਸ਼ੀਲਾ ਨੂੰ ਲੈਣ ਅਸੀਂ ਆਉਂਦੇ ਹਾਂ
ਆਉਂਦੇ ਹਾਂ, ਜੀ ਆਉਂਦੇ ਹਾਂ

ਇੰਦੋ–ਨਾ ਭਾਈ, ਮੈਂ ਤਾਂ ਕਥਾ ਸੁਣ ਕੇ ਆਵਾਂਗੀ ।

ਸੰਤੋ–ਸਰਲਾ, ਜੀਤੋ, ਬੰਤੋ–ਸਾਰੀਆਂ ਤੈਨੂੰ ਸਦਦੀਆਂ ਨੇ। ਤੇ ਪਰਾਨਾ ਵੀ

ਇੰਦੋ—ਤੂੰ ਚੱਲ, ਮੈਂ ਠਹਿਰ ਕੇ ਆਵਾਂਗੀ।

[ਸੰਤੋ ਚਲੀ ਜਾਂਦੀ ਹੈ ਤੇ ਬਾਹਰ ਗਲੀ ਵਿਚਲਾ ਗੀਤ ਇਕ ਵਾਰ ਫੇਰ ਉੱਚਾ ਹੋ ਜਾਂਦਾ ਹੈ।

ਇਕ ਪੱਤਾ ਖਿਚਾਂਗੇ।
ਖਿੱਚਾਂਗੇ ਜੀ ਖਿੱਚਾਂਗੇ।
ਸਾਰੇ ਡਾਹਣੇ ਹਿੱਲਨਗੇ।
ਹਿੱਲਨਗੇ,ਜੀ ਹਿੱਲਨਗੇ।

ਇੰਦੋ—ਪਰ ਮਾਂ, ਮੈਂ ਤਾਂ ਆਪ ਵਰਤ ਰਖਿਆ ਕਰਾਂਗੀ।

ਮਾਇਆ—ਹਾਂ ਇੰਦੋ, ਇਹ ਵਰਤ ਹਰ ਮਾਂ ਆਪਣੀ ਧੀ ਲਈ ਜਨਮ ਜਨਮਾਤਰਾਂ ਤੋਂ ਰਖਦੀ ਆਈ ਏ, ਹਰ ਸ਼ਾਹਜ਼ਾਦੀ ਦੇ ਰਾਜਕੁਮਾਰ ਲਈ। ਤੇ ਸੰਕਟ ਮਾਈ ਸਾਡੀਆਂ ਸਭ ਪੀੜਾਂ ਨੂੰ ਸੁਖਾਲਾ ਕਰ ਦਿੰਦੀ ਐ। ਉਹ ਪਹਾੜਾਂ ਵਿਚ ਪਗ-ਡੰਡੀਆਂ ਬਣਾ ਦਿੰਦੀ ਐ, ਅਗ ਦੀਆਂ ਲਾਟਾਂ ਨੂੰ ਦੁਧ ਦੀਆਂ ਛੱਲਾਂ ਵਿਚ ਠੰਡਾ ਕਰ ਦਿੰਦੀ ਐ, ਤੇ ਝੀਲਾਂ ਉਤੇ ਕੰਵਲਾਂ ਦੀ ਸੇਜ ਵਛਾ ਕੇ ਸਾਡੇ ਲਈ ਸਭ ਰਾਹ ਮੋਕਲੇ ਕਰ ਦਿੰਦੀ ਐ।

ਇੰਦੋ—ਤੇ ਫੇਰ ਖਾਨ ਨੂੰ ਪੇੜੇ ਦਿੰਦੀ ਏ।

ਮਾਇਆ—ਹਾਂ, ਜਾ ਹੁਣ ਜਾ ਕੇ ਬਾਹਮਣੀ ਨੂੰ ਸਦ ਲਿਆ, ਨਹੀਂ ਤਾਂ ਤੇਰੇ ਬਾਬੂ ਜੀ ਆ ਜਾਣਗੇ, ਤੇ ਇਹ ਸਾਰਾ ਕੀਤਾ ਕਰਾਇਆ ਰਹਿ ਜਾਵੇਗਾ।

ਇੰਦੋ—ਕਿਉਂ, ਬਾਬੂ ਜੀ ਨੂੰ ਨਹੀਂ ਸੰਕਟ ਮਾਈ ਪੇੜੇ ਦਿੰਦੀ ?

ਮਾਇਆ—ਨਹੀਂ, ਉਹ ਇਨ੍ਹਾਂ ਰੀਤਾਂ ਨੂੰ ਨਹੀਂ ਮੰਨਦੇ, (ਘੜਿਆਲ ਦੀ ਆਵਾਜ਼) ਆਹ ਸੁਣ, ਕਿਲੇ ਦਾ ਘੜਿਆਲ ਪੰਜ ਵਜਾ ਰਿਹਾ ਏ, ਤੇ ਉਨ੍ਹਾਂ ਦੇ ਆਉਣ ਦਾ ਵੇਲਾ ਵੀ ਹੋ ਗਿਆ।

ਇੰਦੋ—ਮਾਂ ਤੂੰ ਰੋਟੀ ਕਦ ਖਾਵੇਂਗੀ ?

ਮਾਇਆ—ਜਦ ਸੰਝ ਦਾ ਤਾਰਾ ਪੱਛਮ ਵਿਚ ਉਘੜ ਆਇਆ।

ਇੰਦੋ—ਮਾਂ, ਮੇਰਾ ਵੀ ਵਰਤ ਰਿਹਾ, ਮੈਂ ਵੀ ਹੁਣ ਤੇਰੇ ਨਾਲ ਹੀ ਤਾਰੇ ਚੜ੍ਹੇ ਤੋਂ ਰੋਟੀ ਖਾਵਾਂਗੀ।

ਮਾਇਆ—(ਸੋਚਦੀ ਹੋਈ) ਜੇ ਬਾਹਮਣੀ ਛੇਤੀ ਆ ਜਾਵੇ। ਪਤਾ ਨਹੀਂ ਐਨਾ ਚਿਰ ਕਿਉਂ ਲਾ ਦਿਤਾ, (ਇਧਰ ਉਧਰ ਤਕਦੀ ਹੈ) ਮੇਰੀਆਂ ਸਭ ਚੀਜ਼ਾਂ ਤਿਆਰ ਹਨ, ਬਸ ਉਸੇ ਦੀ ਢਿਲ ਐ।

[ਉਠ ਕੇ ਫੇਰ ਚੁਲ੍ਹੇ ਉਤੇ ਰੜ੍ਹੀ ਪਤੀਲੀ ਵਿਚ ਕੜਛੀ ਫੇਰਦੀ ਹੈ। ਇੰਦੋ ਪਿੰਨੇ ਗਿਣਨ ਲਗ ਪੈਂਦੀ ਹੈ।

ਇੰਦੋ—(ਗਿਣ ਕੇ) ਮਾਂ, ਪੂਰੇ ਇੱਕੀ ਪਿੰਨੇ ਹੋ ਗਏ ਹਨ।

ਮਾਇਆ—ਹਾਂ।

ਇੰਦੋ—ਹੁਣ ਮੈਂ ਇਕ ਖਾ ਲਵਾਂ, ਪੂਰੇ ਵੀਹ ਰਹਿ ਜਾਣਗੇ।

ਮਾਇਆ—ਹੁਣੇ ਤਾਂ ਤੈਨੂੰ ਆਖਿਆ ਸੀ ਕਿ ਬਾਹਮਣੀ ਆ ਲਵੇ।

ਇੰਦੋ—ਹਾਂ ਸੱਚ, ਬਾਹਮਣੀ ਆ ਲਵੇ।

ਮਾਇਆ—(ਗਲੀ ਵਿਚ ਕਿਸੇ ਦੇ ਪੈਰਾਂ ਦੀ ਵਿੜਕ ਸੁਣ ਕੇ) ਇੰਦੋ, ਤੇਰੇ ਬਾਬੂ ਜੀ ਆਉਂਦੇ ਨੇ!

ਇੰਦੋ—ਬਾਬੂ ਜੀ!

[ਦਰਵਾਜ਼ੇ ਚੋਂ ਪਹਿਲਾਂ ਕਾਲੀ ਛਤਰੀ ਦੀ ਨੋਕ ਦਾਖਲ ਹੁੰਦੀ ਹੈ, ਫੇਰ ਡਾਕਟਰ ਦੀਵਾਨ ਚੰਦ। ਉਨ੍ਹਾਂ ਨਸਵਾਰੀ ਰੰਗ ਦਾ ਧਾਰੀਆਂ ਵਾਲਾ ਸੂਟ ਪਾਇਆ ਹੋਇਆ ਹੈ ਤੇ ਭੂਰੀ ਨਕਟਾਈ ਲਾਈ ਹੋਈ ਹੈ। ਉਨ੍ਹਾਂ ਦੇ ਦੂਜੇ ਹੱਥ ਵਿਚ ਸਟੈਥੋਸਕੋਪ ਫੜਿਆ ਹੋਇਆ ਹੈ। ਅੰਦਰ ਵੜਦਿਆਂ ਸਾਰ ਉਹ ਸਿਰ ਤੋਂ ਫੈਲਟ ਲਾਹ ਕੇ ਛਤਰੀ ਕਿਲੀ ਨਾਲ ਟੰਗਦੇ ਹਨ।

ਦੀਵਾਨ ਚੰਦ—ਭਗਤਾ ਕਿਥੇ ਹੈ? (ਮਾਇਆ ਨੂੰ ਹੈਟ ਤੇ ਸਟੈਥੋਸਕੋਪ ਫੜਾਉਂਦੇ ਹੋਏ) ਛੇਤੀ ਚਾਹ ਤਿਆਰ ਕਰ, ਮੈਂ ਕਲੱਬ ਜਾਨਾ ਸੀ।

ਮਾਇਆ—ਭਗਤਾ ਬਜ਼ਾਰ ਗਿਆ ਹੋਇਆ ਏ, ਮੈਂ ਤਿਆਰ ਕਰ ਦਿੰਨੀ ਆਂ।

ਦੀਵਾਨ ਚੰਦ—ਅੱਛਾ ਛੇਤੀ—(ਸਾਰੀਆਂ ਚੀਜ਼ਾਂ ਵਲ ਤਕ ਕੇ ਗੁਸੇ ਵਿਚ) ਇਹ ਕੀ ਮਾਂ ਵਾਲੇ ਪਿੰਨੇ ਖਲਾਰੇ ਹਨ ?

ਮਾਇਆ—ਸੰਕਟ ਚੌਥ ਦਾ ਵਰਤ—

ਦੀਵਾਨ ਚੰਦ—ਹਾਂ, ਹਾਂ, ਪਤਾ ਹੈ ਮੈਨੂੰ, (ਤਿੱਖੇ ਮਿਹਣੇ ਨਾਲ) ਸੰਕਟ ਚੌਥ ! ਖਬਰੇ ਹਿੰਦੁਸਤਾਨ ਦੀਆਂ ਤੀਵੀਆਂ ਨੂੰ ਕਦ ਅਕਲ ਆਵੇਗੀ। ਕਿਸੇ ਸੱਚ ਆਖਿਆ ਏ ਔਰਤ ਦੀ ਮੱਤ ਗੁਤ ਪਿਛੇ ਹੁੰਦੀ ਏ। (ਇੰਦੋ ਵਲ ਤਕ ਕੇ) ਇਸ ਨੂੰ ਕਿਉਂ ਬਹਾ ਰਖਿਆ ਏ ਨਾਲ ?

ਇੰਦੋ—ਬਾਬੂ ਜੀ, ਜੇ ਬਾਹਮਣੀ ਨੇ ਕਥਾ ਨਾ ਸੁਨਾਈ ਤਾਂ ਰਾਜ ਕੁਮਾਰ ਜੰਗਲ ਵਿਚ ਗੁਆਚ ਜਾਏਗਾ।

ਦੀਵਾਨ ਚੰਦ—ਹੱਛਾ, ਚਲ ਉਠ ਤੂੰ, (ਓਸ ਨੂੰ ਬਾਂਹ ਫੜ ਕੇ ਉਠਾਉਂਦਾ ਹੈ) ਬਾਹਰ ਜਾ ਕੇ ਖੇਡ। ਖਬਰੇ ਕਿਸ ਮੂਰਖ ਨੇ ਇਹ ਰੀਤ ਤੋਰ ਦਿਤੀ, ਤੇ ਇਹ ਤੀਵੀਆਂ—ਭੇਡਾਂ ਵਾਂਗ ਉਸ ਦੇ ਮਗਰ ਲਗ ਤੁਰੀਆਂ।

ਮਾਇਆ—(ਖਿਝ ਕੇ) ਕਿਉਂ ਕੀ ਬੁਰਾ ਐ ਸੰਕਟ ਚੌਥ ਦੇ ਵਰਤ ਵਿਚ ?

ਦੀਵਾਨ ਚੰਦ—ਮੈਂ ਇਸ ਭੇਡ ਚਾਲ ਨੂੰ ਬਹੁਤ ਬੁਰਾ ਸਮਝਦਾ ਹਾਂ। ਤੂੰ ਇੰਦੋ ਨੂੰ ਵੀ ਹੁਣੇ ਤੋਂ ਆਪਣੇ ਮਗਰ ਲਾ ਲਿਆ ਭੇਡ ਵਾਂਗ।

ਮਾਇਆ—ਵਡ ਵਡੇਰਿਆਂ ਨੇ ਇਹ ਰੀਤਾਂ ਕੁਝ ਸੋਚ ਕੇ ਹੀ ਚਲਾਈਆਂ ਹੋਣਗੀਆਂ ਛੇਕੜ ?

ਦੀਵਾਨ ਚੰਦ—(ਿਚੜ ਕੇ) ਮੈਨੂੰ ਪਤਾ ਏ ਸਭ ਕੁਝ। ਬਜ਼ੁਰਗ ਮਰ ਗਏ, ਖਪ ਗਏ, ਸਮਝ ਨਹੀਂ ਆਉਂਦੀ ਲੋਕ ਕਿਉਂ ਪੁਰਾਣੀਆਂ ਲੀਹਾਂ ਨੂੰ ਨਹੀਂ ਛਡਦੇ।

ਮਾਇਆ—ਕਿਉਂ ? ਆਪਣੇ ਪਤੀ ਦੀ ਸੁਖ ਮੰਨਣੀ ਯਾ ਉਸ ਲਈ ਪ੍ਰਾਰਥਨਾ ਕਰਨੀ ਬੁਰੀ ਏ ?

ਦੀਵਾਨ ਚੰਦ—ਜੇ ਮੇਰਾ ਜੀਵਨ ਇਨ੍ਹਾਂ ਅਸੀਸਾਂ ਉਤੇ ਹੀ ਟਿਕਿਆ ਹੁੰਦਾ ਤਾਂ ਹੁਣ ਤੀਕਰ ਮੈਂ ਕਈ ਵਾਰ ਮਰ ਚੁਕਿਆ ਹੁੰਦਾ ਤੇ ਕਈ ਵਾਰ ਜੀ ਚੁਕਿਆ ਹੁੰਦਾ।

ਮਾਇਆ—(ਨਿਰਾਸ਼ ਲਹਿਜੇ ਵਿਚ) ਹਰ ਤੀਵੀਂ ਨੂੰ ਆਪਣਾ ਸੁਹਾਗ ਪਿਆਰਾ ਹੁੰਦਾ ਹੈ, ਤੇ ਉਹ ਉਸ ਲਈ, ਉਸ ਦੇ ਜੀਵਨ ਲਈ, ਵਰ੍ਹੇ ਵਿਚ ਇਕ ਦਿਨ ਪ੍ਰਾਰਥਨਾ.........

ਦੀਵਾਨ ਚੰਦ—ਹੱਛਾ ! ਤੂੰ ਇਸ ਚਿੱਕੜ ਵਿਚ ਫਸੀ ਰਹਿ, ਇੰਦੋ ਨੂੰ ਨਾ ਨਾਲ ਘੜੀਸ, ਜਾ ਇੰਦੋ ਤੂੰ ਜਾ ਕੇ ਖੇਡ।

[ਇੰਦੋ ਡਰੀ ਹੋਈ ਉਠਦੀ ਹੈ ਤੇ ਬੂਹੇ ਚੋਂ ਬਾਹਰ ਦੌੜ ਜਾਂਦੀ ਹੈ।

(ਬੜਬੜਾਉਂਦੇ ਹੋਏ) ਪ੍ਰਾਰਥਨਾ ! ਉਮਰ ਲਈ ਪ੍ਰਾਰਥਨਾ ! ਹਿੰਦੁਸਤਾਨੀ ਤੀਵੀਂ ਨੂੰ ਕਦੀ ਅਕਲ ਨਹੀਂ ਆ ਸਕਦੀ, (ਨਫ਼ਰਤ ਨਾਲ) ਉਹ ਸਦਾ ਭੇਡ ਰਹੇਗੀ, ਭੇਡ।

[ਦਰਵਾਜ਼ੇ ਉਤੇ ਠਕ ਠਕ

ਕੌਣ, ਕੌਣ ਐ ? (ਦੋ ਉਲਾਂਘਾਂ ਭਰਕੇ ਬੂਹਾ ਖੋਲਦਾ ਹੈ) ਓਹੋ, ਬਸ਼ੰਬਰ ਦਾਸ, ਆਓ ! ਆਓ !!

[ਬਸ਼ੰਬਰ ਦਾਸ ਵਕੀਲ ਅੰਦਰ ਵੜਦਾ ਹੈ। ਉਸ ਦੀ ਕੱਛ ਵਿਚ ਕਾਗਜ਼ਾਂ ਦਾ ਥੱਬਾ ਹੈ ਤੇ ਚੁੰਨੀਆਂ ਅੱਖਾਂ ਉਤੇ ਐਨਕ। ਉਸ ਨੇ ਕਾਲੀ ਨਕਟਾਈ ਲਾਈ ਹੋਈ ਹੈ ਜਿਸ ਦੇ ਦੁਆਲੇ ਦੋ ਸਫ਼ੈਦ ਕਾਲਰ ਬਕਰੀ ਦੇ ਕੰਨਾਂ ਵਾਂਗ ਲਮਕਦੇ ਹਨ।

ਬਸ਼ੰਬਰ ਦਾਸ—ਤੁਸਾਂ ਨੂੰ ਤਕਲੀਫ਼ ਦੇਣ ਆਇਆ ਹਾਂ।

ਦੀਵਾਨ ਚੰਦ—ਆਖੋ, ਆਖੋ !

ਬਸ਼ੰਬਰ ਦਾਸ—ਅੱਜ ਬਾਰ ਐਸੋਸੀਏਸ਼ਨ ਵਲੋਂ ਬਾਦਸ਼ਾਹ ਦੇ ਜਨਮ ਦਿਹਾੜੇ ਉਤੇ ਮੀਟਿੰਗ ਏ।

ਦੀਵਾਨ ਚੰਦ—ਹਾਂ, ਹਾਂ,

ਬਸ਼ੰਬਰ ਦਾਸ—ਚੌਧਰੀ ਮਿਹਰ ਚੰਦ ਜੋ ਇਸ ਮੀਟਿੰਗ ਦੇ ਪਰਧਾਨ ਸਨ, ਇਚਾਨਕ ਅਜ ਬੀਮਾਰ ਹੋ ਗਏ।

ਦੀਵਾਨ ਚੰਦ–(ਥੋੜੀ ਜਿਹੀ ਹੈਰਾਨੀ ਤੇ ਹਮਦਰਦੀ ਨਾਲ) ਹੱਛਾ !

ਬਿਸ਼ੰਬਰ ਦਾਸ–ਹਾਂ, ਤੇ ਹੁਣ ਸੈਕਟਰੀ ਤੇ ਐਸੋਸੀਏਸ਼ਨ ਦੇ ਆਗੂਆਂ ਨੇ ਤੁਹਾਡਾ ਨਾਉਂ ਚੁਣਿਆ ਏ। ਜੇ ਤੁਸੀਂ ਮੀਟਿੰਗ ਦੇ ਪਰਧਾਨ ਬਣਨਾ ਸਵੀਕਾਰ ਕਰੋ–

ਦੀਵਾਨ ਚੰਦ–(ਹੱਥ ਮਲਦੇ ਹੋਏ, ਥੋੜਾ ਜਿਹਾ ਮੁਸਕਰਾ ਕੇ ਸ਼ਰਮਾਊ ਲਹਿਜੇ ਵਿਚ) ਮੈਂ ਹਾਜ਼ਰ ਹਾਂ, ਜੋ ਕੁਝ ਮੈਥੋਂ ਸਰਿਆ–

ਬਸ਼ੰਬਰ ਦਾਸ–(ਆਪਣੀ ਗਲ ਜਾਰੀ ਰਖਦੇ ਹੋਏ) ਤੇ ਬਾਦਸ਼ਾਹ ਦੀ ਲੰਮੀ ਉਮਰ ਲਈ ਪ੍ਰਾਰਥਨਾ ਵੀ ਤੁਸਾਂ ਨੂੰ ਖੁਸ਼ੀ ਹੋਵੇਗੀ।

ਦੀਵਾਨ ਚੰਦ–ਇਹ ਮੇਰੀ ਖੁਸ਼ਨਸੀਬੀ ਹੈ, (ਫਿੱਕਾ ਜਿਹਾ ਮੁਸਕਰਾ ਕੇ) ਜੋ ਤੁਸਾਂ ਮੈਨੂੰ ਐਨਾ ਮਾਣ ਦਿਤਾ ਏ।

ਬਸ਼ੰਬਰ ਦਾਸ–ਨਹੀਂ, ਸਗੋਂ ਅਸੀਂ ਤੁਹਾਡੇ ਧੰਨਵਾਦੀ ਹਾਂ। ਸਾਨੂੰ ਪੂਰੀ ਆਸ ਸੀ ਕਿ ਤੁਸੀਂ ਸਾਨੂੰ ਨਿਰਾਸ ਨਾ ਕਰੋਗੇ।

ਦੀਵਾਨ ਚੰਦ–ਨਹੀਂ, ਨਹੀਂ ਇਸਦਾ ਕੋਈ ਫਿਕਰ ਨਾ ਕਰੋ, ਮੈਂ ਜ਼ਰੂਰ–

ਬਸ਼ੰਬਰ ਦਾਸ–ਤਾਂ ਫੇਰ ਤੁਸੀਂ ਪ੍ਰਾਰਥਨਾ ਲਈ ਡਾਕ ਬੰਗਲੇ ਦੀ ਗਰਾਊਂਡ ਵਿਚ ਪੂਰੇ ਛੇ ਵਜੇ ਪੁਜ ਜਾਉਗੇ ਨਾ ?

ਦੀਵਾਨ ਚੰਦ–ਹਾਂ, ਜ਼ਰੂਰ।

ਬਸ਼ੰਬਰ ਦਾਸ–ਅੱਛਾ, ਨਮਸਤੇ।

ਦੀਵਾਨ ਚੰਦ–ਨਮਸਤੇ।

[ਬਸ਼ੰਬਰ ਦਾਸ ਜਾਂਦਾ ਹੈ।

ਦੀਵਾਨ ਚੰਦ–(ਮੁੜ ਮਾਇਆ ਵਲ ਪਰਤ ਕੇ) ਤੈਨੂੰ ਆਖਦਾ ਸਾਂ ਨਾ ਛੇਤੀ ਕਰ।

ਮਾਇਆ–ਪਰ ਐਡੀ ਕੀ ਕਾਹਲੀ ਹੈ, ਹੁਣੇ ਤਾਂ ਆਏ ਹੋ।

ਦੀਵਾਨ ਚੰਦ–ਸੁਣਿਆ ਨਹੀਂ ਤੂੰ, ਹੁਣੇ ਤਾਂ ਮੈਨੂੰ ਉਹ ਮੀਟਿੰਗ ਵਿਚ ਸਦ ਕੇ ਗਿਆ ਏ, ਲੋਕ ਉਡੀਕਦੇ ਹੋਣਗੇ।

ਮਾਇਆ–(ਟੋਹ ਕੇ) ਕਾਹਦੀ ਮੀਟਿੰਗ ?

ਦੀਵਾਨ ਚੰਦ—ਅੱਛਾ ਛੇਤੀ—(ਸਾਰੀਆਂ ਚੀਜ਼ਾਂ ਵਲ ਤਕ ਕੇ ਗੁਸੇ ਵਿਚ) ਇਹ ਕੀ ਮਾਂ ਵਾਲੇ ਪਿੰਨੇ ਖਲਾਰੇ ਹਨ ?

ਮਾਇਆ—ਸੰਕਟ ਚੌਥ ਦਾ ਵਰਤ—

ਦੀਵਾਨ ਚੰਦ—ਹਾਂ, ਹਾਂ, ਪਤਾ ਹੈ ਮੈਨੂੰ, (ਤਿੱਖੇ ਮਿਹਣੇ ਨਾਲ) ਸੰਕਟ ਚੌਥ ! ਖਬਰੇ ਹਿੰਦੁਸਤਾਨ ਦੀਆਂ ਤੀਵੀਆਂ ਨੂੰ ਕਦ ਅਕਲ ਆਵੇਗੀ। ਕਿਸੇ ਸੱਚ ਆਖਿਆ ਏ ਔਰਤ ਦੀ ਮੱਤ ਗੁਤ ਪਿਛੇ ਹੁੰਦੀ ਏ। (ਇੰਦੋ ਵਲ ਤਕ ਕੇ) ਇਸ ਨੂੰ ਕਿਉਂ ਬਹਾ ਰਖਿਆ ਏ ਨਾਲ ?

ਇੰਦੋ—ਬਾਬੂ ਜੀ, ਜੇ ਬਾਹਮਣੀ ਨੇ ਕਥਾ ਨਾ ਸੁਨਾਈ ਤਾਂ ਰਾਜ ਕੁਮਾਰ ਜੰਗਲ ਵਿਚ ਗੁਆਚ ਜਾਏਗਾ।

ਦੀਵਾਨ ਚੰਦ—ਹੱਛਾ, ਚਲ ਉਠ ਤੂੰ, (ਓਸ ਨੂੰ ਬਾਂਹ ਫੜ ਕੇ ਉਠਾਉਂਦਾ ਹੈ) ਬਾਹਰ ਜਾ ਕੇ ਖੇਡ। ਖਬਰੇ ਕਿਸ ਮੂਰਖ ਨੇ ਇਹ ਰੀਤ ਤੋਰ ਦਿਤੀ, ਤੇ ਇਹ ਤੀਵੀਆਂ—ਭੇਡਾਂ ਵਾਂਗ ਉਸ ਦੇ ਮਗਰ ਲਗ ਤੁਰੀਆਂ।

ਮਾਇਆ—(ਖਿਝ ਕੇ) ਕਿਉਂ ਕੀ ਬੁਰਾ ਐ ਸੰਕਟ ਚੌਥ ਦੇ ਵਰਤ ਵਿਚ ?

ਦੀਵਾਨ ਚੰਦ—ਮੈਂ ਇਸ ਭੇਡ ਚਾਲ ਨੂੰ ਬਹੁਤ ਬੁਰਾ ਸਮਝਦਾ ਹਾਂ। ਤੂੰ ਇੰਦੋ ਨੂੰ ਵੀ ਹੁਣੇ ਤੋਂ ਆਪਣੇ ਮਗਰ ਲਾ ਲਿਆ ਭੇਡ ਵਾਂਗ।

ਮਾਇਆ—ਵਡ ਵਡੇਰਿਆਂ ਨੇ ਇਹ ਰੀਤਾਂ ਕੁਝ ਸੋਚ ਕੇ ਹੀ ਚਲਾਈਆਂ ਹੋਣਗੀਆਂ ਛੇਕੜ ?

ਦੀਵਾਨ ਚੰਦ—(ਰਿੜ ਕੇ) ਮੈਨੂੰ ਪਤਾ ਏ ਸਭ ਕੁਝ। ਬਜ਼ੁਰਗ ਮਰ ਗਏ, ਖਪ ਗਏ, ਸਮਝ ਨਹੀਂ ਆਉਂਦੀ ਲੋਕ ਕਿਉਂ ਪੁਰਾਣੀਆਂ ਲੀਹਾਂ ਨੂੰ ਨਹੀਂ ਛਡਦੇ।

ਮਾਇਆ—ਕਿਉਂ ? ਆਪਣੇ ਪਤੀ ਦੀ ਸੁਖ ਮੰਨਣੀ ਯਾ ਉਸ ਲਈ ਪ੍ਰਾਰਥਨਾ ਕਰਨੀ ਬੁਰੀ ਏ ?

ਦੀਵਾਨ ਚੰਦ—ਜੇ ਮੇਰਾ ਜੀਵਨ ਇਨ੍ਹਾਂ ਅਸੀਸਾਂ ਉਤੇ ਹੀ ਟਿਕਿਆ ਹੁੰਦਾ ਤਾਂ ਹੁਣ ਤੀਕਰ ਮੈਂ ਕਈ ਵਾਰ ਮਰ ਚੁਕਿਆ ਹੁੰਦਾ ਤੇ ਕਈ ਵਾਰ ਜੀ ਚੁਕਿਆ ਹੁੰਦਾ।

ਮਾਇਆ—(ਨਿਰਾਸ਼ ਲਹਿਜੇ ਵਿਚ) ਹਰ ਤੀਵੀਂ ਨੂੰ ਆਪਣਾ ਸੁਹਾਗ ਪਿਆਰਾ ਹੁੰਦਾ ਹੈ, ਤੇ ਉਹ ਉਸ ਲਈ, ਉਸ ਦੇ ਜੀਵਨ ਲਈ, ਵਰ੍ਹੇ ਵਿਚ ਇਕ ਦਿਨ ਪ੍ਰਾਰਥਨਾ.........

ਦੀਵਾਨ ਚੰਦ—ਹੱਛਾ ! ਤੂੰ ਇਸ ਚਿੱਕੜ ਵਿਚ ਫਸੀ ਰਹਿ, ਇੰਦੋ ਨੂੰ ਨਾ ਨਾਲ ਘੜੀਸ, ਜਾ ਇੰਦੋ ਤੂੰ ਜਾ ਕੇ ਖੇਡ।

[ਇੰਦੋ ਡਰੀ ਹੋਈ ਉਠਦੀ ਹੈ ਤੇ ਬੂਹੇ ਚੋਂ ਬਾਹਰ ਦੌੜ ਜਾਂਦੀ ਹੈ।

(ਬੜਬੜਾਉਂਦੇ ਹੋਏ) ਪ੍ਰਾਰਥਨਾ ! ਉਮਰ ਲਈ ਪ੍ਰਾਰਥਨਾ ! ਹਿੰਦੁਸਤਾਨੀ ਤੀਵੀਂ ਨੂੰ ਕਦੀ ਅਕਲ ਨਹੀਂ ਆ ਸਕਦੀ, (ਨਫ਼ਰਤ ਨਾਲ) ਉਹ ਸਦਾ ਭੇਡ ਰਹੇਗੀ, ਭੇਡ।

[ਦਰਵਾਜ਼ੇ ਉਤੇ ਠਕ ਠਕ

ਕੌਣ, ਕੌਣ ਐ ? (ਦੋ ਉਲਾਂਘਾਂ ਭਰਕੇ ਬੂਹਾ ਖੋਲਦਾ ਹੈ) ਓਹੋ, ਬਸ਼ੰਬਰ ਦਾਸ, ਆਓ ! ਆਓ !!

[ਬਸ਼ੰਬਰ ਦਾਸ ਵਕੀਲ ਅੰਦਰ ਵੜਦਾ ਹੈ। ਉਸ ਦੀ ਕੱਛ ਵਿਚ ਕਾਗਜ਼ਾਂ ਦਾ ਥੱਬਾ ਹੈ ਤੇ ਚੁੰਨੀਆਂ ਅੱਖਾਂ ਉਤੇ ਐਨਕ। ਉਸ ਨੇ ਕਾਲੀ ਨਕਟਾਈ ਲਾਈ ਹੋਈ ਹੈ ਜਿਸ ਦੇ ਦੁਆਲੇ ਦੋ ਸਫ਼ੈਦ ਕਾਲਰ ਬਕਰੀ ਦੇ ਕੰਨਾਂ ਵਾਂਗ ਲਮਕਦੇ ਹਨ।

ਬਸ਼ੰਬਰ ਦਾਸ—ਤੁਸਾਂ ਨੂੰ ਤਕਲੀਫ਼ ਦੇਣ ਆਇਆ ਹਾਂ।

ਦੀਵਾਨ ਚੰਦ—ਆਖੋ, ਆਖੋ !

ਬਸ਼ੰਬਰ ਦਾਸ—ਅੱਜ ਬਾਰ ਐਸੋਸੀਏਸ਼ਨ ਵਲੋਂ ਬਾਦਸ਼ਾਹ ਦੇ ਜਨਮ ਦਿਹਾੜੇ ਉਤੇ ਮੀਟਿੰਗ ਏ।

ਦੀਵਾਨ ਚੰਦ—ਹਾਂ, ਹਾਂ,

ਬਸ਼ੰਬਰ ਦਾਸ—ਚੌਧਰੀ ਮਿਹਰ ਚੰਦ ਜੋ ਇਸ ਮੀਟਿੰਗ ਦੇ ਪਰਧਾਨ ਸਨ, ਇਚਾਨਕ ਅਜ ਬੀਮਾਰ ਹੋ ਗਏ।

ਦੀਵਾਨ ਚੰਦ–(ਥੋੜੀ ਜਿਹੀ ਹੈਰਾਨੀ ਤੇ ਹਮਦਰਦੀ ਨਾਲ) ਹੱਛਾ !

ਬਿਸ਼ੰਬਰ ਦਾਸ–ਹਾਂ, ਤੇ ਹੁਣ ਸੈਕਟਰੀ ਤੇ ਐਸੋਸੀਏਸ਼ਨ ਦੇ ਆਗੂਆਂ ਨੇ ਤੁਹਾਡਾ ਨਾਉਂ ਚੁਣਿਆ ਏ। ਜੇ ਤੁਸੀਂ ਮੀਟਿੰਗ ਦੇ ਪਰਧਾਨ ਬਣਨਾ ਸਵੀਕਾਰ ਕਰੋ–

ਦੀਵਾਨ ਚੰਦ–(ਹੱਥ ਮਲਦੇ ਹੋਏ, ਥੋੜਾ ਜਿਹਾ ਮੁਸਕਰਾ ਕੇ ਸ਼ਰਮਾਊ ਲਹਿਜੇ ਵਿਚ) ਮੈਂ ਹਾਜ਼ਰ ਹਾਂ, ਜੋ ਕੁਝ ਮੈਥੋਂ ਸਰਿਆ–

ਬਸ਼ੰਬਰ ਦਾਸ–(ਆਪਣੀ ਗਲ ਜਾਰੀ ਰਖਦੇ ਹੋਏ) ਤੇ ਬਾਦਸ਼ਾਹ ਦੀ ਲੰਮੀ ਉਮਰ ਲਈ ਪ੍ਰਾਰਥਨਾ ਵੀ ਤੁਸਾਂ ਨੂੰ ਪੜ੍ਹਨੀ ਹੋਵੇਗੀ।

ਦੀਵਾਨ ਚੰਦ–ਇਹ ਮੇਰੀ ਖ਼ੁਸ਼ਨਸੀਬੀ ਹੈ, (ਫਿੱਕਾ ਜਿਹਾ ਮੁਸਕਰਾ ਕੇ) ਜੋ ਤੁਸਾਂ ਮੈਨੂੰ ਐਨਾ ਮਾਣ ਦਿਤਾ ਏ।

ਬਸ਼ੰਬਰ ਦਾਸ–ਨਹੀਂ, ਸਗੋਂ ਅਸੀਂ ਤੁਹਾਡੇ ਧੰਨਵਾਦੀ ਹਾਂ। ਸਾਨੂੰ ਪੂਰੀ ਆਸ ਸੀ ਕਿ ਤੁਸੀਂ ਸਾਨੂੰ ਨਿਰਾਸ ਨਾ ਕਰੋਗੇ।

ਦੀਵਾਨ ਚੰਦ–ਨਹੀਂ, ਨਹੀਂ ਇਸਦਾ ਕੋਈ ਫਿਕਰ ਨਾ ਕਰੋ, ਮੈਂ ਜ਼ਰੂਰ–

ਬਸ਼ੰਬਰ ਦਾਸ–ਤਾਂ ਫੇਰ ਤੁਸੀਂ ਪ੍ਰਾਰਥਨਾ ਲਈ ਡਾਕ ਬੰਗਲੇ ਦੀ ਗਰਾਊਂਡ ਵਿਚ ਪੂਰੇ ਛੇ ਵਜੇ ਪੁਜ ਜਾਉਗੇ ਨਾ ?

ਦੀਵਾਨ ਚੰਦ–ਹਾਂ, ਜ਼ਰੂਰ।

ਬਸ਼ੰਬਰ ਦਾਸ–ਅੱਛਾ, ਨਮਸਤੇ।

ਦੀਵਾਨ ਚੰਦ–ਨਮਸਤੇ।

[ਬਸ਼ੰਬਰ ਦਾਸ ਜਾਂਦਾ ਹੈ।

ਦੀਵਾਨ ਚੰਦ–(ਮੁੜ ਮਾਇਆ ਵਲ ਪਰਤ ਕੇ) ਤੈਨੂੰ ਆਖਦਾ ਸਾਂ ਨਾ ਛੇਤੀ ਕਰ।

ਮਾਇਆ–ਪਰ ਐਡੀ ਕੀ ਕਾਹਲੀ ਹੈ, ਹੁਣੇ ਤਾਂ ਆਏ ਹੋ।

ਦੀਵਾਨ ਚੰਦ–ਸੁਣਿਆ ਨਹੀਂ ਤੂੰ, ਹੁਣੇ ਤਾਂ ਮੈਨੂੰ ਉਹ ਮੀਟਿੰਗ ਵਿਚ ਸਦ ਕੇ ਗਿਆ ਏ, ਲੋਕ ਉਡੀਕਦੇ ਹੋਣਗੇ।

ਮਾਇਆ–(ਟੋਹ ਕੇ) ਕਾਹਦੀ ਮੀਟਿੰਗ ?

ਦੀਵਾਨ ਚੰਦ–ਓ ਤੈਨੂੰ ਨਹੀਂ ਸਮਝ ਆਉਣੀ, ਤੂੰ ਆਪਣੇ ਭੁੱਗੇ ਤੇ ਤਿਲਾਂ ਦੇ ਪਿੰਨਿਆਂ ਵਿਚ ਫਸੀ ਰਹੀਂ। (ਫੇਰ ਇਕ ਦਮ ਜੋਸ਼ ਨਾਲ) ਬਾਦਸ਼ਾਹ ਦੇ ਜਨਮ ਦਿਹਾੜੇ ਉਤੇ ਪ੍ਰਾਰਥਨਾ ਪੜ੍ਹਨ ਲਈ ਸਦਿਆ ਏ ਮੈਨੂੰ, ਸਮਝੀ–?

ਮਾਇਆ–(ਢਿਲੇ ਜਿਹੇ ਬੁਲ੍ਹਾਂ ਨਾਲ) ਅੱਛਾ ਮੈਂ ਚਾਹ ਤਿਆਰ ਕਰਦੀ ਹਾਂ–

ਦੀਵਾਨ ਚੰਦ–ਮੈਨੂੰ ਪਤਾ ਏ, ਤੈਥੋਂ ਦਸ ਮਿੰਟ ਵਿਚ ਚਾਹ ਨਹੀਂ ਤਿਆਰ ਹੋਣੀ, ਮੈਨੂੰ ਇੰਝ ਈ ਜਾਣਾ ਪਏਗਾ, ਇੰਝ ਈ–

ਮਾਇਆ–ਪਰ ਰਤਾ ਸਾਹ ਲਓ, ਹਾਲੇ ਕਾਫ਼ੀ ਚਿਰ ਏ, ਮੈਂ ਹੁਣੇ ਹੀ ਤਿਆਰ ਕਰ ਦਿੰਨੀ ਆਂ।

ਦੀਵਾਨ ਚੰਦ–ਨਾ, ਬਸ ਮੇਰਾ ਫ਼ੈਲਟ ਫੜਾ ਦੇ ਮੈਨੂੰ ਛੇਤੀ ਏ।

[ਕਾਹਲੀ ਨਾਲ ਉਹ ਫ਼ੈਲਟ ਫੜਦਾ ਹੈ ਤੇ ਬੜੀ ਤੇਜ਼ੀ ਨਾਲ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲ ਜਾਂਦਾ ਹੈ। ਮਾਇਆ ਹੱਕੀ-ਬੱਕੀ ਖਲੋਤੀ ਹੈ। ਤੇ ਖੁਲ੍ਹੇ ਬੂਹੇ ਚੋਂ ਕੁੜੀਆਂ ਦੇ ਖੇਡਨ ਦਾ ਗੀਤ ਉੱਚਾ ਹੋ ਜਾਂਦਾ ਹੈ।

ਇਕ ਪੱਤਾ ਖਿੱਚਾਂ ਗੇ।
ਖਿੱਚਾਂ ਗੇ ਜੀ ਖਿੱਚਾਂ ਗੇ।
ਸਾਰੇ ਡਾਹਣੇ ਹਿੱਲਣ ਗੇ।
ਹਿੱਲਣਗੇ ਜੀ ਹਿੱਲਣ ਗੇ।

(ਪਰਦਾ)

# ਬੇਬੇ

## ਪਾਤਰ

ਬੇਬੇ–
ਕਿਰਪੀ–ਉਹਲੀ ਧੀ।
ਸੁਰਜੀਤ–ਉਹਦਾ ਮੁੰਡਾ।
ਪ੍ਰਕਾਸ਼–ਓਹਦੇ ਦੂਜੇ ਮੁੰਡੇ ਅਜਮੇਰ ਦਾ ਦੋਸਤ।
ਥਾਂ–ਮਾਲਵੇ ਵਿਚ ਇਕ ਪਿੰਡ।
ਵੇਲਾ–ਆਥਣ

ਪਰਦਾ ਉਠਦਾ ਹੈ

ਰਸੋਈ ਵਿਚ ਬੈਠੀ ਬੇਬੇ ਰੋਟੀਆਂ ਪਕਾ ਰਹੀ ਹੈ। ਓਹ ਸੱਠਾਂ ਕੁ ਵਰ੍ਹਿਆਂ ਦੀ ਇਕ ਤਕੜੀ ਜ਼ਨਾਨੀ ਹੈ। ਭਾਵੇਂ ਉਸ ਦੀਆਂ ਜਾਭਾਂ ਦਾ ਮਾਸ ਲਮਕ ਪਿਆ ਹੈ, ਪਰ ਉਸ ਦਾ ਕਾਠ ਨਰੋਆ ਹੈ। ਉਹ ਘੜੀ ਮੁੜੀ ਕਪਾਹ-ਛਟੀਆਂ ਦਾ ਇਕ ਰੁਗ ਡਾਹ ਕੇ ਅੱਗ ਨੂੰ ਤੇਜ਼ ਕਰ ਲੈਂਦੀ ਹੈ। ਉਸ ਦੇ ਨੇੜੇ ਇਕ ਮੂਹੜੇ ਉਤੇ ਬੈਠੀ ਉਹਦੀ ਧੀ ਕਿਰਪੀ ਦਾਤ੍ਰੀ ਨਾਲ ਗੁਆਰੇ ਦੀਆਂ ਫਲੀਆਂ ਚੀਰ ਰਹੀ ਹੈ। ਕਿਰਪੀ ਉਧੇੜ ਉਮਰ ਦੀ ਇਕ ਪਤਲੀ ਚਿੰਤਾਤੁ ਜ਼ਨਾਨੀ ਹੈ।

ਖੱਬੀ ਨੁਕਰੇ ਨੇੜੇ ਹੀ ਪਾਣੀ ਦੇ ਦੋ ਮਟ ਪਏ ਹਨ ਤੇ ਚਾਰ ਨਿਕੀਆਂ ਨਿਕੀਆਂ ਕੁਜੀਆਂ ਵੀ। ਬੇਬੇ ਕੋਲ ਗੜਵਾ, ਪਰਾਤ, ਚਿਮਟਾ ਤੇ

ਘਿਓ ਦਾ ਕੁੱਜਾ ਪਿਆ ਹੈ।

ਸਟੇਜ ਦੀ ਪਛਾੜੀ ਕੰਧ ਨਾਲ ਚੁਲ੍ਹੇ ਉਤੇ ਇਕ ਤਾਕੀ ਹੈ, ਜਿਸ ਵਿਚ ਨਿਕੇ ਨਿਕੇ ਪਿੱਤਲ, ਕਹੇਂ ਤੇ ਮਿੱਟੀ ਦੇ ਬਰਤਨ ਚਿਣੇ ਪਏ ਹਨ।

ਸੱਜੇ ਪਾਸੇ ਮੋਟੇ ਖੁਰਦਰਿਆਂ ਤਖਤਿਆਂ ਵਾਲਾ ਇਕ ਦਰਵਾਜ਼ਾ ਹੈ। ਕੰਧਾਂ ਗੋਹੇ ਗਾਰੇ ਨਾਲ ਲਿਪੀਆਂ ਪੋਚੀਆਂ ਹਨ, ਪਰ ਚੁਲੇ ਉਤਲਾ ਥਾਂ ਧੂੰ ਨਾਲ ਧੁਆਂਖਿਆ ਹੋਇਆ ਹੈ।

ਬੇਬੇ–(ਪੇੜਾ ਕਰਦੀ ਹੋਈ) ਲੈ ਮੇਰੀ ਧੀ, ਛੇਤੀ ਛੇਤੀ ਫਲੀਆਂ ਚੀਰ ਲੈ ਤੇ ਫੇਰ ਰੋਟੀ ਖਾ ਲੈ। ਉਤੋਂ ਰਾਤ ਪੈਂਦੀ ਏ।

ਕਿਰਪੀ–ਹੱਛਾ ਮਾਣੀ।

[ਕਿਰਪੀ ਫਲੀਆਂ ਬਣਾਉਂਦੀ ਹੈ ਤੇ ਬੇਬੇ ਰੋਟੀਆਂ ਪਕਾਉਂਦੀ ਹੈ। ਸੱਜੇ ਪਾਸਿਉਂ ਬੂਹਾ ਠਕੋਰ ਕੇ ਪ੍ਰਕਾਸ਼ ਆਉਂਦਾ ਹੈ।

ਬੇਬੇ–(ਸਿਰ ਚੁੱਕ ਕੇ ਤੇ ਮੱਥੇ ਤੋਂ ਮੁੜ੍ਹਕੇ ਦੀਆਂ ਕਣੀਆਂ ਪੂੰਝ ਕੇ) ਮਾਂ ਵਾਰੇ, ਵੇ ਪੁਤ! ਕਦੋਂ ਆਇਆ ਐਂ?

ਪ੍ਰਕਾਸ਼–ਤਾਈ ਜੀ, ਬਾਹਲਾ ਚਿਰ ਨਹੀਂ ਹੋਇਆ, ਰਾਤੀਂ ਈ ਆਇਆ ਹਾਂ।

ਬੇਬੇ–ਲਾਹੌਰੋਂ?

ਪ੍ਰਕਾਸ਼–ਹਾਂ।

ਬੇਬੇ–ਕਿਤੇ ਪੱਕੀ ਨੌਕਰੀ ਦੀ ਪੱਟੀ ਝੱਲੀ ਕਿ ਨਾ?

ਪ੍ਰਕਾਸ਼–ਹਾਂ ਤਾਈ ਬੈਂਕ ਵਿਚ ਹੁਣ ਤਾਂ ਪੱਕੀ ਨੌਕਰੀ ਤੇ ਆਂ।

ਬੇਬੇ–(ਸੁਖ ਦਾ ਸਾਹ ਭਰਕੇ) ਹੱਛਾ ਹੱਛਾ, ਭਲੀ ਹੋਈ, ਰਬ ਚੰਗਾ ਕੀਤਾ, ਦਸ ਸਾਲ ਹੋ ਗਏ ਸਨ ਕਤਾਬਾਂ ਨਾਲ ਮਥਾ ਮਾਰਦੇ ਨੂੰ, ਛੇਕੜ ਓਸ ਨੇ ਤੇਰੀ ਵੀ ਸੁਣ ਲਈ।

ਪ੍ਰਕਾਸ਼–ਹਾਂ ਤਾਈ।

ਬੇਬੇ–(ਪੇੜਾ ਕਰਦੀ ਹੋਈ) ਰੋਟੀ ਖਾਏਂਗਾ? ਆਖੇਂ ਤਾਂ ਦੋ ਕਰਾਹੀਆਂ

ਕਰਾਰੀਆਂ ਮਿਸੀਆਂ ਲਾਹ ਦਿਆਂ । ਮਖਣੀ ਨਾਲ ਖਾ ਲਈਂ ।

ਪ੍ਰਕਾਸ਼–ਨਾ ਤਾਈ ਉੱਕੀ ਭੁਖ ਨਹੀਂ ।

ਬੇਬੇ–ਲਿਆ ਕੁੜੇ ਕਿਰਪੀਏ ਥਾਲੀ ਫੜਾ, ਏਸ ਨੂੰ ਇਕ ਗੁੱਲੀ ਲਾਹ ਦਿਆਂ।

ਕਿਰਪੀ–ਖਾ ਲੈ ਵੀਰ, ਸੰਗਦਾ ਕਿਉਂ ਏ, ਇਹ ਓਹੋ ਘਰ ਐ ਜਿੱਥੇ ਤੂੰ ਹਟਾਏ ਤੋਂ ਵੀ ਨਹੀਂ ਸੀ ਹਟਿਆ ਕਰਦਾ। ਕੀ ਹੋਇਆ ਜੇ ਹੁਣ ਤੂੰ ਲਹੌਰ ਜਾ ਵੜਿਐਂ ।

ਪ੍ਰਕਾਸ਼–ਨਹੀਂ ਇਹ ਗਲ ਤਾਂ ਨਹੀਂ ।

ਕਿਰਪੀ–ਹਾਂ ਭਾਈ ਤੈਨੂੰ ਹੁਣ ਸਾਡੇ ਜੱਟਾਂ ਦੇ ਸੁੱਕੇ ਟੁਕਰ ਕਿਉਂ ਚੰਗੇ ਲਗਣ ! ਤੂੰ ਲਹੌਰ ਦੇ ਪਕਵਾਨ ਖਾਣ ਜੁ ਗਿਝ ਗਿਉਂ !

ਪ੍ਰਕਾਸ਼–ਲਹੌਰ ਤਾਂ ਇਹ ਕੁਝ ਕਦੇ ਵੀ ਨਹੀਂ ਮਿਲਦਾ। ਬਸ ਲਹੌਰ ਦਾ ਨੌਂ ਈ ਨੌਂ ਏ, ਧੂੜ, ਧੂੰਆ, ਗਰਦ ਜਿੰਨੀ ਮਰਜ਼ੀ ਆਵੇ ਫਕ ਲਓ।

ਕਿਰਪੀ–ਭਾਈ ਸਾਨੂੰ ਜੱਟਾਂ ਨੂੰ ਕੀ ਪਤਾ।

ਪ੍ਰਕਾਸ਼–ਅਜਮੇਰ ਦਾ ਕੀ ਹਾਲ ਏ ?

ਬੇਬੇ–ਵੇ ਪੁਤ, ਉਸ ਦਾ ਹਾਲ ਨਾ ਪੁਛ, ਉਹ ਤਾਂ ਤੇਰਾ ਮੁੱਢਲਾ ਜੁਟ ਐ, ਪਰ ਸਾਡੇ ਨਾਲ ਤਾਂ ਉਸ ਕੁਝ ਪਿਛਲੇ ਜਰਮ ਦੇ ਬਦਲੇ ਲਏ ਨੀ।

ਪ੍ਰਕਾਸ਼–ਕਿਉਂ ਤਾਈ ?

ਬੇਬੇ–ਤੈਨੂੰ ਪਤਾ ਈ ਏ ਪੁਤ, ਵਡਾ ਕਰਤਾਰ ਤਾਂ ਸਾਥੋਂ ਪੰਝੀਆਂ ਵਰ੍ਹਿਆਂ ਦਾ ਈ ਅੱਡ ਸੀ। ਬਸ ਏਸ ਫੱਗਨ ਤੋਂ ਅਜਮੇਰ ਵੀ ਅੱਡ ਹੋ ਗਿਐ। ਮੈਂ ਆਖਦੀ ਆਂ, ਜੇ ਉਸ ਅੱਡ ਹੋਣਾ ਸੀ, ਤਾਂ ਕੁਝ ਚਿਰ ਪਹਿਲਾਂ ਹੁੰਦਾ, ਹੁਣ ਸਾਨੂੰ ਦੋਹਾਂ ਮੁਢਾਂ ਨੂੰ ਛਡ ਕੇ–

[ਰੋਂਦੀ ਹੈ, ਤੇ ਪੱਲੇ ਨਾਲ ਅੱਖਾਂ ਪੂੰਝਦੀ ਹੈ।

ਕਿਰਪੀ–ਮਾਣੀ ਛਡ, ਤੂੰ ਵੀ ਹਰੇਕ ਅੱਗੇ ਰੋਣਾ ਰੋਣ ਬਹਿ ਜਾਨੀ ਏਂ ।

ਬੇਬੇ- ਨੀ ਇਹ ਕਿਹੜਾ ਬਿਗਾਨਾ ਏ, ਘਰ ਦੇ ਪੁਤਾਂ ਵਾਂਗ ਰਿਹਾ ਏ। ਛੁਟੀ ਆਉਂਦਾ ਏ, ਤਾਂ ਸਾਰਾ ਦੁਖ ਸੁਖ ਵੰਡਾ ਕੇ ਜਾਂਦਾ ਏ।

ਪਕਾਸ਼–ਪਰ ਤਾਈ ਤੈਥੋਂ ਅਡ ਕਿਸ ਗਲ ਉੱਤੇ ਹੋਇਆ ?

ਬੇਬੇ–ਏਸੇ ਗਲ ਤੇ ਕਿ ਮੈਂ ਸਾਹ ਕਿਉਂ ਲੈਂਦੀ ਆਂ–ਮੈਂ ਨਿਮਾਣੀ ਮਰ ਕਿਉਂ ਨਹੀਂ ਜਾਂਦੀ। ਹਾਇ! ਮੈਂ ਇਹ ਸਾਰੇ ਪੁਤ ਢਿਡੋਂ ਕਢੇ, ਕੀ ਪਤਾ ਸੀ ਅਜੇਹੇ ਚੰਦਰੇ ਨਿਕਲਣਗੇ। ਮੈਂ ਆਂਹਦੀ ਆਂ ਵੈਰੀ ਦੇ ਘਰ ਵੀ ਅਜੇਹੇ ਨਾ ਜੰਮਣ। ਲੋਕਾਂ ਦੇ ਧੀ ਪੁੱਤ ਕੋਈ ਬਿਮਾਰੀ ਨਾਲ ਮਰੂ, ਕੋਈ ਕਿਵੇਂ ਮਰੂ, ਪਰ ਮੇਰੇ ਲਈ ਇਹ ਜੀਉਂਦੇ ਈ ਮਰ ਮੁੱਕੇ। ਸਾਰੇ ਦੇ ਸਾਰੇ, ਬਸ ਇਕੋ ਸੁਰਜੀਤ ਰਹਿ ਗਿਆ ਏ, ਹਾਂ ਸੁਰਜੀਤ, ਸੁਖ ਨਾਲ ਹੁਣ ਸੋਲਾਂ ਵਰ੍ਹਿਆਂ ਦਾ ਏ; ਲੈ ਦੇ ਕੇ ਸਾਡੇ ਬੁਢੇ ਵਾਰੇ ਦੀ ਡੰਗੋਰੀ। ਓਸ ਦਾ ਪਿਓ ਹੁਣ ਓਸੇ ਉੱਤੇ ਆਸਾਂ ਲਾਈ ਬੈਠਾ ਏ, ਵਿਚਾਰਾ।

ਪ੍ਰਕਾਸ਼–ਕਿੱਥੇ ਐ ਸੁਰਜੀਤ?

ਕਿਰਪੀ–ਬਾਹਰ ਟੋਭੇ ਉੱਤੇ ਮਝਾਂ ਨੁਵ੍ਹਾਉਣ ਗਿਆ ਏ।

ਬੇਬੇ–ਪੁਤ, ਅਜਮੇਰ ਤੇਰਾ ਹਾਣੀ ਏ. ਤੂੰ ਈ ਉਸ ਨੂੰ ਕੁਝ ਮੱਤ ਦੇਹ। ਪਤਾ ਨਹੀਂ ਬਿਗਾਨੀਆਂ ਧੀਆਂ ਕੀ ਘੋਲ ਕੇ ਸਿਰ ਵਿਚ ਪਾ ਦਿੰਦੀਆਂ ਨੇ ਕਿ ਪੁਤ ਮਾਂ ਕਲ ਤਿੰਨ ਦਿਨ ਵੀ ਨਹੀਂ ਕਟਦਾ। ਤੂੰ ਜਾਣਦਾ ਈ ਐਂ ਪੁਤ, ਤੇਰਾ ਤਾਇਆ ਸੱਤਰ ਸਾਲ ਦੀ ਉਮਰ ਵਿਚ ਵੀ ਉਨ੍ਹਾਂ ਲਈ ਖੇਤਾਂ 'ਚ ਕਿਵੇਂ ਨੜੇ ਵਾਂਗ ਉਧੜਦਾ ਫਿਰਦਾ ਏ, ਪਰ–ਪਰ ਅਜ ਕਲ ਤਾਂ ਸਮੇਂ ਹੀ ਬਦਲ ਗਈ ਏ।

ਕਿਰਪੀ–ਮਾਂ, ਚਲ ਛਡ, ਤੂੰ ਵੀ ਤੇ ਝੰਜੂ ਪਿਟਣ ਬਹਿ ਜਾਂਦੀ ਏਂ। ਕੀ ਹੋਇਆ, ਸੁਖ ਨਾਲ ਸਾਰੇ ਜੀਉਂਦੇ ਰਹਿਣ।

ਬੇਬੇ–ਹਾਂ ਧੀਏ, ਹੋਰ ਕੀ? (ਫੇਰ ਰੋਟੀ ਪਕਾਉ ਦੀ ਹੈ) ਪਰ ਮੈਨੂੰ ਤਾਂ ਏਸ ਗਲ ਦਾ ਚਰਜ ਏ ਕਿ ਪਰਸੋਂ ਬੀਰੂ ਦਾ ਮੁੰਡਾ–ਇਹੋ ਗੁਆਂਢ ਦੇ ਜੁਲਾਹਿਆਂ ਦਾ ਮੁੰਡਾ ਜਿਨ੍ਹਾਂ ਸਾਰੀ ਉਮਰ ਕਦੀ ਅੱਖ ਵੀ ਨਹੀਂ ਪਟੀ–ਤੇਰੇ ਤਾਏ ਨੂੰ ਸੋਟੀ ਚੁਕ ਚੁਕ ਆਇਆ, ਪਰ ਇਸ ਬਸ਼ਰਮ ਪੁਤ ਦੀ ਅੱਖ ਦਾ ਪਤਾ ਨਹੀਂ ਪਾਣੀ ਮਰ ਚੁੱਕਾ ਏ, ਮਜਾਲ ਏ ਆਪਣੀ ਥਾਂ ਤੋਂ ਕੁਸਕਿਆ ਹੋਵੇ।

ਪ੍ਰਕਾਸ਼--ਨਹੀਂ ਤਾਈ, ਅਜੇਹਾ ਤਾਂ...........

ਬੇਬੇ--ਤੈਨੂੰ ਕੀ ਪਤਾ, ਬਸ ਪੁਛ ਨਾ--ਇਨ੍ਹਾਂ ਪੁਤਾਂ ਚੋਂ ਕੋਈ ਵੀ ਤਾਂ ਘਰ ਦੀ ਉਘ ਸੁਘ ਨਹੀਂ ਲੈਂਦਾ। ਇਹ ਬਾਲਣ ਝੋਕਦਿਆਂ, ਰੋਟੀਆਂ ਥਪਦਿਆਂ ਮੇਰੇ ਦੀਦੇ ਰਹਿ ਗਏ ਨੇ। ਸੌ ਵਾਰੀ ਉਸ ਅੱਗੇ ਹਥ ਬੰਨੇ, ਪਰ ਇਕ ਕਿਹੜਾ ਉੱਤਰ ਦਿਤਾ।

ਪ੍ਰਕਾਸ਼--ਹੁਣ ਕੀ ਹਾਲ ਏ ਤਾਈ ਤੇਰੀਆਂ ਅੱਖਾਂ ਦਾ ?

ਬੇਬੇ--ਓਹੋ ਜਿਹਾ ਈ ਪੁਤ। ਏਥੇ ਥਾਣੇ ਵਾਲੇ ਟੋਭੇ ਉੱਤੇ ਸਰਕਾਰ ਦਾ ਤੰਬੂ ਲਗਿਆ ਸੀ। ਸਾਰੇ ਪਿੰਡ ਦੀਆਂ ਤੀਵੀਆਂ ਤਲੀਆਂ ਅੱਖਾਂ ਠੀਕ ਕਰਵਾ ਲਿਆਈਆਂ, ਪਰ ਉਨ੍ਹਾਂ ਦੋਹਾਂ ਸੰਢਿਆਂ ਤੋਂ ਕਿਸੇ ਵੀ ਮੰਨੂੰ ਨਾ ਖੜਿਆ। ਮੈਂ ਬੁੱਢੀ ਠੇਰੀ ਤੀਵੀਂ, ਨਾ ਕਿਸੇ ਨੂੰ ਜਾਣਾਂ ਨਾ ਪਛਾਣਾਂ, ਉਕਰ ਈ ਅਖਾਂ ਫੜੀ ਬੈਠੀ ਰਹੀ।

ਪ੍ਰਕਾਸ਼--(ਹਮਦਰਦੀ ਨਾਲ) ਮੈਂ ਲੈ ਚੱਲਾਂਗਾ ਤੈਨੂੰ ਤਾਈ।

ਬੇਬੇ--ਹੁਣ ਕੀ ਕਰਨਾ ਏ, ਪੂਰੇ ਪੰਝੀ ਦਿਨ ਏਥੇ ਰਿਹਾ ਓਹ ਤੰਬੂ; ਹੁਣ ਤਾਂ ਮਹੀਨਾ ਹੋਇਆ, ਉਠ ਗਿਆ ਏ।

ਪ੍ਰਕਾਸ਼--ਹਛਾ--ਫੇਰ।

ਬੇਬੇ--ਫੇਰ ਕੀ, ਮੈਂ ਡਾਕਖਾਨੇ ਇਕ ਦਿਨ ਗਈ ਸੀ। ਇਕ ਕਾਗਤੀ ਜਿਹੀ ਦੇ ਦਿਤੀ ਉਸ, ਤੇ ਭੋਰਾ ਕੁ ਪਾਣੀ ਅੱਖ ਵਿਚ ਚੁਆ ਦਿਤਾ। (ਕਿਰਪੀ ਨੂੰ) ਨੀ ਕਿੱਥੇ ਐ ਉਹ ਸੀਸੀ ਤੇ ਕਾਗਤੀ ?

ਕਿਰਪੀ--ਅੰਦਰ ਸੰਦੂਖ ਉੱਤੇ।

ਬੇਬੇ--ਮੈਂ ਲਿਆਉਂਦੀ ਹਾਂ, (ਪ੍ਰਕਾਸ਼ ਨੂੰ) ਤੂੰ ਵੇਖੀਂ ਪੁਤ, ਨਿਰਾ ਪਾਣੀ ਏ ਕਿ ਕਿਸੇ ਦਾਰੂ ਬੂਟੀ ਦਾ ਸਤ ਏ। (ਗੋਡੇ ਫੜ ਕੇ ਉੱਠਦੀ ਹੈ) ਹਾਇ ਨੀ ਅੰਮੜੀਏ !

[ਅੰਦਰ ਜਾਂਦੀ ਹੈ।

ਕਿਰਪੀ--ਭਰਾ ਤੂੰ ਕਦੇ ਕਦੇ ਆ ਜਾਂਦਾ ਏਂ ਤਾਂ ਚਾਨਣਾ ਹੋ ਜਾਂਦਾ ਏ। ਮੈਨੂੰ ਤਾਂ ਜੀਤ ਨਾਲੋਂ ਵਧ ਪਿਆਰ ਆਉਂਦਾ ਏ ਤੈਨੂੰ ਵੇਖ ਕੇ।

ਪ੍ਰਕਾਸ਼–ਮੈਂ ਆਪਣੇ ਬਚਪਣੇ ਦੇ ਦਿਨ ਕਿਤੇ ਭੁਲ ਸਕਦਾ ਹਾਂ। ਮੇਰੀ ਸਾਰੀ ਬਾਲ ਵਰੇਸ ਤੁਹਾਡੇ ਵੇਹੜੇ ਅਜਮੇਰ ਨਾਲ ਖੇਡਦਿਆਂ ਲੰਘੀ ਏ। ਮੈਨੂੰ ਚੰਗੀ ਤਰ੍ਹਾਂ ਯਾਦ ਏ, ਜਦ ਤੂੰ ਸਾਨੂੰ ਦੁਹਾਂ ਨੂੰ ਚੂਰੀ ਖੁਆਉਂਦੀ ਤੇ ਖੇਡਣ ਨੂੰ ਗੀਠੇ ਦੇਂਦੀ ਹੁੰਦੀ ਸੈਂ।

ਕਿਰਪੀ--(ਹਾਉਕਾ ਭਰ ਕੇ) ਓਹ ਦਿਨ ਕਿਥੇ? ਹੁਣ ਸਭੇ ਆਪੋ ਆਪਣੇ ਧੰਦੀਂ ਲਗ ਗਏ, ਮੈਂ ਕਬੀਲਦਾਰੀ ਦੇ ਝੇੜਿਆਂ ਵਿਚ ਫਸ ਗਈ– ਤੇ ਫੇਰ ਮੇਰਾ ਪੇਕੀਂ ਵੀ ਕਾਹਦਾ ਆਉਣ, ਜਦ ਭਰਾ ਈ ਅਡ ਚੁਲ੍ਹਾਂ ਧਰੀ ਬੈਠੇ ਹੋਣ।

ਬੇਬੇ--(ਅੰਦਰੋਂ) ਨੀ ਕਿਥੇ ਐਂ, ਕਿਤੇ ਦਿਸਦੀ ਨਹੀਂ ?

ਕਿਰਪੀ--(ਗਰਦਨ ਚੁਕ ਕੇ) ਬੇਬੇ ਸਰ੍ਹੋਂ ਫੁੱਲੇ ਸੰਦੂਖ ਨਾਲ ਕੁੱਜੇ ਵਿਚ ਪਈ ਏ, ਤੇ ਨਾਲ ਈ ਉ ਸੀਸੀ।

ਪ੍ਰਕਾਸ਼--ਅਜਮੇਰ ਤਾਂ ਚੰਗਾ ਭਲਾ ਸੀ, ਉਸ ਨੂੰ ਕੀ ਹੋਇਆ ? ਓਹ ਤਾਂ ਬੜਾ ਈ ਸਾਊ ਜਾਪਦਾ ਸੀ।

ਕਿਰਪੀ--ਭਾਈ, ਪਤਾ ਨਹੀਂ ਕੀ ਹੋਇਆ। ਇਨ੍ਹਾਂ ਦੀਆਂ ਇਹੀ ਜਾਨਣ। ਮੈਂ ਏਸ ਵਾਰ ਆਈ ਤਾਂ ਵੇਖਿਆ ਪਹਿਲਾਂ ਵਡਾ ਈ ਅੱਡ ਸੀ, ਹੁਣ ਅਜਮੇਰ ਵੀ ਆਪਣੀ ਰੋਟੀ ਅਡ ਕਰ ਲਈ ਏ।

[ਬੇਬੇ ਆਉਂਦੀ ਹੈ।

ਬੇਬੇ--ਲੈ ਫੜੀਂ ਪੁਤ ਇਹ ਕਾਗਤੀ, ਵੇਖੀਂ ਨਾ ਕੀ ਲਿਖਿਆ ਹੋਇਆ ਏ?

ਪ੍ਰਕਾਸ਼--(ਕਾਗਤੀ ਪੜ੍ਹ ਕੇ) ਤਾਈ ਏਸ ਵਿਚ ਤਾਂ ਡਾਕਟਰ ਆਖਦਾ ਏ ਕਿ ਕੁਕਰੇ ਵਿਗੜ ਗਏ ਨੇ। ਹੁਣ ਇਲਾਜ ਪਟਿਆਲੇ ਹੋਵੇਗਾ।

ਬੇਬੇ--ਹਛਾ ਪੁਤ ?

ਪ੍ਰਕਾਸ਼--ਹਾਂ ਏਥੇ ਸੰਦ ਨਹੀਂ, ਪਟਿਆਲੇ ਬਿਜਲੀ ਨਾਲ ਇਲਾਜ ਹੋਵੇਗਾ।

ਬੇਬੇ–ਮੈਂ ਸਦਕੇ ਜਾਵਾਂ। ਲੈ ਧੀਏ, ਆਪਣੇ ਢਿਡ ਦੇ ਜੰਮਿਆਂ ਤੋਂ ਤਾਂ ਸਤ ਬਿਗਾਨੇ ਚੰਗੇ, ਜਿਹੜੇ ਆ ਕੇ ਹਾਲ ਤਾਂ ਪੁਛ ਜਾਂਦੇ ਨੇ। ਪੁਤ ਪਤਾ ਨਹੀਂ ਕੀ ਹਵਾ ਚਲੀ ਏ ਆਪਣਾ ਆਪਣੇ ਨੂੰ ਖਾਣ

ਆਉਂਦਾ ਏ।

ਪ੍ਰਕਾਸ਼--ਨਹੀਂ ਤਾਈ, ਇਹ ਗਲ ਤਾਂ ਨਹੀਂ।

ਬੇਬੇ--ਹੱਛਾ ਪੁਤ, ਤੂੰ ਕਦੇ ਕਦੇ ਆ ਜਾਂਦਾ ਏਂ, ਤਾਂ ਮੇਰਾ ਕਾਲਜਾ ਹੌਲਾ ਹੋ ਜਾਂਦਾ ਏ। ਏਡੀ ਛੱਲੀ ਹੁੰਦੀ ਏ ਮੇਰੇ ਕਾਲਜੇ 'ਚ--ਜਿਹੜੀ ਤੇਰੇ ਆਏ ਤੋਂ ਈ ਭੁਰਦੀ ਏ। ਹੋਰ ਕਿਸ ਅੱਗੇ ਰੋਵਾਂ? ਤੇ ਦੁਖੜਾ ਵੀ ਕਿਸ ਦਾ ਆਪਣੇ ਈ ਪੁੱਤਾਂ ਦਾ! ਪਰ ਕੀ ਕਰਾਂ? ਉਨ੍ਹਾਂ ਨੂੰ ਮੋਹ ਨਹੀਂ, ਪਰ ਮੇਰਾ ਤਾਂ ਢਿਡ ਮਚਦਾ ਏ। ਸਭੇ ਜਣੇ ਕੌਲੀਂ ਲੱਗੇ ਬੈਠੇ ਨੇ, ਕੋਈ ਪੁਛਦਾ ਵੀ ਨਹੀਂ। ਤੇ ਤੇਰੇ ਤਾਏ ਵਰਗਾ ਦਰਵੇਸ਼ ਪਿਓ ਕੋਈ ਹੋਣਾ ਏਂ--? (ਲੰਮਾ ਸਾਹ ਖਿਚ ਕੇ) ਹਛਾ! ਮੈਂ ਤਾਂ ਹੁਣ ਨਿਕੇ ਸੁਰਜੀਤ ਦੀ ਖੈਰ ਮਨਾਉਂਦੀ ਹਾਂ, ਮੈਨੂੰ ਵਾਹਿਗੁਰੂ ਦਾ ਇਕੋ ਦਿੱਤਾ ਬਹੁਤ ਏ, ਉਹਦੀ ਜਿੰਦ ਬਚੀ ਰਹੇ, ਮੇਰੇ ਭਾਗਾਂ ਨੂੰ ਬਥੇਰਾ ਏ।

[ਦਰਵਾਜ਼ਾ ਕਾੜ ਦੇਣੀ ਵੱਜਦਾ ਹੈ।

ਪ੍ਰਕਾਸ਼--ਸ਼ਾਇਦ ਹਨੇਰੀ ਆਉਂਦੀ ਏ--ਹਛਾ ਮੈਂ ਚਲਦਾ ਹਾਂ ਤਾਈ।

ਬੇਬੇ--ਚੰਗਾ ਪੁਤ, ਜੀਉਂਦਾ ਰਵੇਂ, ਜੰਮ-ਜੰਮ ਆਵੇਂ, ਭਾਗ ਲੱਗੇ ਰਹਿਣ।

ਪ੍ਰਕਾਸ਼--ਹਛਾ ਬੇਬੇ।

ਕਿਰਪੀ--ਕਦੇ ਕਦਾਈਂ ਗੇੜਾ ਮਾਰ ਜਾਇਆ ਕਰ ਵੀਰ, ਇਹ ਵੀ ਤੇਰਾ ਈ ਘਰ ਏ।

[ਪ੍ਰਕਾਸ਼ ਚਲਿਆ ਜਾਂਦਾ ਹੈ।

ਬੇਬੇ--ਕੁੜੇ ਬੂਹਾ ਢੋ ਦੇ, ਹਵਾ ਆਉਂਦੀ ਏ--

[ਫੇਰ ਖੇੜਾ ਕਰਦੀ ਹੈ, ਅੱਗ ਦੀ ਇਕ ਲਾਟ ਉਠਦੀ ਹੈ।

ਕਿੰਨੀ ਹਵਾ ਏ--ਛੇਤੀ ਬਾਰ ਲਾ ਦੇ।

ਕਿਰਪੀ--(ਉਠ ਕੇ ਦਰਵਾਜ਼ਿਉਂ ਬਾਹਰ ਝਾਕਦੀ ਹੈ) ਨੀ ਮਾਣੀ! ਬਲਾ ਕਾਲੀ ਬੋਲੀ ਹਨੇਰੀ ਚੜ੍ਹੀ ਆਉਂਦੀ ਏ।

[ਦਰਵਾਜ਼ਾ ਭੇੜਦੀ ਹੈ।

ਬੇਬੇ–(ਪੇੜਾ ਠਲ੍ਹ ਕੇ) ਤੇ ਸੁਰਜੀਤ ਹਾਲੀ ਤੀਕਰ ਨਹੀਂ ਆਇਆ! ਕਿਤੇ ਕੌਡੀਆਂ ਰੀਠੇ ਖੇਡਣ ਬੈਠ ਗਿਆ ਹੋਊ।

ਕਿਰਪੀ–ਪਤਾ ਨਹੀਂ–

ਬੇਬੇ–ਹੋਰ ਤੂੰ ਕੀ ਸੋਚਦੀ ਏਂ ਕਿ ਹਾਲੀ ਤੀਕ ਮਝਾਂ ਨੂੰ ਈ ਨੁਵ੍ਹਾਉਂਦਾ ਏ?

ਕਿਰਪੀ–ਖਬਰੇ–ਹਛਾ ਤੂੰ ਛੇਤੀ ਛੇਤੀ ਰੋਟੀਆਂ ਪਕਾ ਕੇ ਤਵਾ ਚਕ, ਮੈਂ ਕੋਲਿਆਂ ਨੂੰ ਕੁੱਜੇ 'ਚ ਮੁੰਦ ਕੇ ਅੱਗ ਬੁਝਾਨੀ ਆਂ।

ਬੇਬੇ–ਹਵਾ ਬਹੁਤ ਤੇਜ਼ ਵਗਦੀ ਏ। ਕੁੱਤਾ ਕਿਥੇ ਐ?

ਕਿਰਪੀ–ਨਾਲ ਈ ਲੈ ਗਿਆ ਏ।

ਬੇਬੇ–ਲੈ ਵੇਖ, ਕੁੱਤੇ ਦਾ ਵਸਾਹ ਕਿਹੜਾ ਖਾਂਦਾ ਏ। ਮੈਂ ਤਾਂ ਓਸੇ ਦਿਨ ਈ ਪਿਟਦੀ ਸਾਂ, ਜਿਦਨ ਓਹ ਮਰਾਸੀਆਂ ਦੇ ਘਰੋਂ ਕਤੂਰਾ ਲੈ ਕੇ ਆਇਆ ਸੀ। ਪਰ ਚੰਦਰੇ ਨੂੰ ਮਰਾਸੀਆਂ ਵਾਲੇ ਸ਼ੌਕ ਨੇ, ਸਾਰਾ ਦਿਨ ਨਾਲ ਲਈ ਫਿਰਦਾ ਏ। ਗਿਆ ਏ ਮਝਾਂ ਨੁਵ੍ਹਾਉਣ ਤੇ ਕੁੱਤੇ ਨੂੰ ਵੀ ਨਾਲ ਈ ਧੂ ਕੇ ਲੈ ਗਿਆ ਏ।

ਕਿਰਪੀ–ਹਲਾ ਕੀ ਹੋਇਆ–ਆ ਜਾਊ। ਤੂੰ ਛੇਤੀ ਕਰ, ਮੈਂ ਸਾਰੇ ਅੰਗਿਆਰ ਕੱਠੇ ਕਰ ਲਵਾਂਗੀ, ਨਹੀਂ ਤਾਂ ਕਪਾਹ–ਛਟੀਆਂ ਦੇ ਫਲੂਸੜੇ ਉਡ ਉਡ ਪੈਣਗੇ।

ਬੇਬੇ–ਲੈ ਫੇਰ ਤੂੰ ਰੋਟੀ ਖਾ ਲੈ।

ਕਿਰਪੀ–(ਤਾਕੀ ਚੋਂ ਬਾਹਰ ਝਾਕ ਕੇ) ਬੋਹੜ ਦੇ ਮੋਟੇ ਟਾਹਣ ਟੁਟ ਟੁਟ ਡਿਗਦੇ ਨੇ ਤੇ ਟਿਬਿਆਂ ਦਾ ਸਾਰਾ ਰੇਤਾ ਅਸਮਾਨ ਨੂੰ ਚੜ੍ਹ ਗਿਆ ਐ।

ਬੇਬੇ–ਹਛਾ! ਮੈਨੂੰ ਇਸ ਪੁਤ ਦਾ ਜੰਮਦੇ ਦਾ ਈ ਸੰਸਾ ਲਗਿਆ ਰਿਹਾ, ਜਿਥੇ ਜਾਂਦਾ ਏ ਛਪਰੀਆਂ ਪਾ ਕੇ ਬਹਿ ਰਹਿੰਦਾ ਏ। ਕਦੇ ਵੀ ਤਾਂ ਵੇਲੇ ਸਿਰ ਘਰ ਨਹੀਂ ਵੜਦਾ।

ਕਿਰਪੀ–ਚਲ ਛਡ, ਆਪੇ ਆ ਜਾਊਗਾ, ਕੋਈ ਨਿਆਣਾ ਥੋੜਾ ਈ ਐ।

ਬੇਬੇ–ਨੀਂ ਇਹੋ ਤਾਂ ਰੋਣਾ। ਐਡਾ ਏ ਸਿਆਣਾ ਹੋ ਕੇ ਵੀ ਹਰ ਵੇਲੇ ਮੇਰੀ

ਜਾਨ ਤੋੜ ਤੋੜ ਖਾਂਦਾ ਏ।

[ਬਾਹਰੋਂ ਕੁੱਤਾ ਭੌਂਕਣ ਦੀ ਆਵਾਜ਼।

ਕਿਰਪੀ–ਖਬਰੇ ਓਹਈ ਓ ਆਉਂਦਾ ਹੋਵੇ।

[ਫੇਰ ਕੁੱਤਾ ਭੌਂਕਣ ਦੀ ਆਵਾਜ਼ ਨੇੜੇ ਹੋ ਜਾਂਦੀ ਹੈ। ਤੇ ਬੂਹੇ ਉਤੇ ਠੱਕ ਠੱਕ)

ਬੇਬੇ–ਹਾਹੋ, ਕੁੰਡੀ ਲਾਹ।

[ਕਿਰਪੀ ਬੂਹਾ ਲਾਹੁੰਦੀ ਹੈ, ਕੁੱਤੇ ਦੇ ਗਲ ਵਿਚ ਜ਼ੰਜੀਰ ਬੰਨ੍ਹੀ ਹੋਈ ਹੈ ਤੇ ਓਹ ਸੁਰਜੀਤ ਨੂੰ ਧੂਈ ਅੰਦਰ ਆਉਂਦਾ ਹੈ। ਬਾਹਰੋਂ ਹਵਾ ਦੀਆਂ ਸ਼ੂਕਾਂ ਸੁਣੀਦੀਆਂ ਹਨ। ਸੁਰਜੀਤ ਦਾ ਮੂੰਹ ਮਥਾ ਰੇਤੇ ਤੇ ਮੀਂਹ ਨਾਲ ਭਿਜਿਆ ਹੋਇਆ ਹੈ।

ਸੁਰਜੀਤ–(ਸਾਹੋ ਸਾਹ ਹੋਇਆ) ਕਿਰਪੀਏ, ਇਕ ਮਝ ਏਧਰ ਨਹੀਂ ਆਈ?

ਕਿਰਪੀ–ਨਹੀਂ ਤਾਂ, ਕਿਉਂ ਕੀ ਹੋਇਆ?

ਸੁਰਜੀਤ–ਟੋਬੇ ਉੱਤੇ ਨੁਵ੍ਹਾਉਂਦੇ ਨੂੰ ਅੰਤਾਂ ਦਾ ਰੇਤਾ ਚੜ੍ਹ ਆਇਆ। ਬੜੀ ਤਿਖੀ ਹਨੇਰੀ ਸੀ। ਹਥ ਨੂੰ ਹਥ ਨਹੀਂ ਸੀ ਦਿਖਦਾ– ਜਦ ਮੈਂ ਬਾਹਰ ਨਿਕਲਿਆ ਤਾਂ ਇਕ ਮਝ ਪਤਾ ਨਹੀਂ ਕਿਧਰ ਗਈ, ਬਸ ਦੋਹਾਂ ਨੂੰ ਹੱਕੀ ਟੁਰਿਆ ਆਉਂਦਾ ਹਾਂ।

ਕਿਰਪੀ–ਤੇ ਤੀਜੀ?

ਸੁਰਜੀਤ–ਹਾਂ ਤੀਜੀ ਧੌਤੇ ਖੁਰਾਂ ਵਾਲੀ ਦਾ ਪਤਾ ਨਹੀਂ, ਮੈਂ ਆਕੇ ਵਾੜੇ ਵਿਚ ਵੀ ਵੇਖੀ ਸੀ। ਦੋ ਨੂੰ ਬੰਨ੍ਹ ਆਇਆ ਹਾਂ, ਪਰ ਤੀਜੀ ਦਾ ਪਤਾ ਨਹੀਂ ਲਗਦਾ।

ਬੇਬੇ–(ਗੁੱਸੇ ਵਿਚ) ਲੈ ਵੇਖ, ਬੈਠ ਰਿਹਾ ਹੋਵੇਗਾ ਓਥੇ ਕੌਡੀਆਂ ਮਾਰਨ। ਮੈਂ ਭੁੱਲੀ ਆਂ ਤੈਨੂੰ?

ਸੁਰਜੀਤ–ਪਰ ਮਾਂ ਏਸ ਵੇਲੇ ਟੋਬੇ ਉੱਤੇ ਕੋਈ ਵੀ ਨਹੀਂ ਸੀ ਤੇ ਮੈਂ ਸਾਰੀਆਂ ਮੱਝਾਂ ਮਲ ਮਲ ਨੁਵ੍ਹਾ ਰਿਹਾ ਸਾਂ।

ਬੇਬੇ–(ਖਿਝ ਕੇ) ਬਾਹਲੀਆਂ ਚਤਰਾਈਆਂ ਨਾ ਘੋਟ। (ਕੁੱਤੇ ਵਲ ਇਸ਼ਾਰਾ ਕਰ ਕੇ) ਫੇਰ ਏਸ ਲਗਦੇ ਭੌਂਕੂ ਨੂੰ ਕਿਉਂ ਨਾਲ ਲੈ ਕੇ ਗਿਆ ਸੀ ? ਇਸ ਨੂੰ ਘਰ ਛਡ ਜਾਂਦਾ।

ਕਿਰਪੀ–ਚਲ ਜਾਣ ਦੇ ਮਾਣੀ, ਹੁਣੇ ਆਇਆ ਏ। (ਸੁਰਜੀਤ ਵਲ) ਚੰਗਾ ਵੀਰਾ ਅੱਗੇ ਤੋਂ ਛੇਤੀ ਆ ਜਾਇਆ ਕਰ। ਪਿਛੋਂ ਮਾਂ ਬੜਾ ਈ ਫ਼ਿਕਰ ਕਰਦੀ ਸੀ।

ਸੁਰਜੀਤ–(ਬੇਪਰਵਾਹੀ ਨਾਲ) ਇਹ ਤਾਂ ਐਵੇਂ ਫ਼ਿਕਰ ਲਾ ਬਹਿੰਦੀ ਏ। ਮੈਂ ਕਿਤੇ ਮਰ ਚਲਿਆ ਸਾਂ ? ਨੇੜੇ ਟੋਭੇ ਤੇ ਮੱਝਾਂ ਈ ਤਾਂ ਨੁਵ੍ਹਾਉਂਦਾ ਸਾਂ।

ਬੇਬੇ–(ਰੋਹ ਵਿਚ) ਚੰਗਾ ਵੇ ਚੰਗਾ, ਕਲ ਜੋਗੀਆ, ਕਾਲੀ ਜੀਭ ਨਾ ਕਢ। ਹਰ ਵੇਲੇ ਮਰਨ ਦੇ ਡਰਾਵੇ ਦਿੰਦਾ ਰਹਿਨਾ ਏਂ।

ਕਿਰਪੀ–ਤੜਕੇ ਦਾ ਭੁਖਾ ਏ ਵੀ , ਰੋਟੀ ਤਾਂ ਖਾ ਲੈਣ ਦੇ।

ਬੇਬੇ–ਭੁਖਾ ਏ ਨਿੱਜ, ਓਥੇ ਖੇਤਾਂ 'ਚੋਂ ਬਥੇਰਾ ਚਰ ਆਇਆ ਹੋਵੇਗਾ।

ਸੁਰਜੀਤ–(ਗੁੱਸੇ ਵਿਚ) ਹਾਂ ਚਰ ਆਇਆ ਹੋਵਾਂਗਾ।

ਬੇਬੇ–ਕੁਝ ਆਪਣੀ ਹੋਸ਼ ਹੋਵੇ, ਤਾਂ ਮਝ ਕਿਉਂ ਖੋ ਆਉਂਦਾ–? ਹਾਇ। ਅੜੀ ਸੋਹਣੀ ਮਝ ! ਸਿੰਗਾਂ ਦੇ ਕੜੇ 'ਚੋਂ ਪੈਸਾ ਕਿਹੜਾ ਨਿਕਲਦਾ ਸੀ, ਤੇ ਕੇਡਾ ਲੇਵਾ ਸੀ ਧਰਤੀ ਨਾਲ ਲਗਦਾ ਹੋਇਆ। ਚੰਦਰਾ ਊਂਹਦੀਓ ਈ ਕਿਤੇ ਛਡ ਆਇਆ ਏ।

ਸੁਰਜੀਤ–ਹਾਂ, ਛਡ ਆਇਆ ਹਾਂ ਮੈਂ, ਐਨੀ ਤਾਂ ਓਹਦੀ ਦੇਖ-ਪਾਖ ਕੀਤੀ ਸੀ।

ਬੇਬੇ–ਚੰਗਾ ਬਹੁਤਾ ਭੌਂਕ ਨਾ, ਇਕ ਮਝ ਗੁਆ ਆਇਆ ਏਂ, ਦੂਜੇ ਉਤੋਂ ਜੀਭ ਮਾਰਦਾ ਏਂ। ਇਕ ਨਾ ਇਕ ਚੀਜ਼ ਨੂੰ ਰੋਜ਼ ਬਿਲੇ ਲਾ ਆਉਂਦਾ ਏ। ਘਰ ਤਾਂ ਜਿਵੇਂ ਏਸ ਨੂੰ ਚੰਗਾ ਈ ਨਾ ਲਗਦਾ ਹੋਵੇ, ਤੇ ਏਸ (ਕੁੱਤੇ ਵਲ ਤੱਕ ਕੇ) ਕੁਤੜੇ ਨੂੰ ਹਰ ਵੇਲੇ ਨਾਲ ਘੜੀਸੀ ਫਿਰਦਾ ਏਂ।

ਸੁਰਜੀਤ–ਮਾਂ ਤੈਨੂੰ ਤਾਂ ਬੋਲਣ ਦਾ ਸੁਭਾ ਪੈ ਗਿਆ, ਕੁੱਤਾ ਤੈਨੂੰ ਕੀ ਆਖਦਾ ਏ ? ਸਿਆਲ ਹੁਨਾਲ ਪੈਲੀਆਂ ਦੀ ਰਾਖੀ ਕਰ ਦੇਂਦਾ ਐ ਨਾ, (ਗਰਮ ਹੋ ਕੇ) ਏਸੇ ਲਈ। ਦੋ ਵੇਲੇ ਸੁੱਕੇ ਟੁਕਰਾਂ ਬਿਨਾਂ ਇਹਨੂੰ ਹੋਰ ਵੀ ਕਦੇ ਕੁਝ ਦਿਤਾ ਈ ?

ਬੇਬੇ–ਤੇ ਦੁਧ ਜੋ ਦੋ ਵੇਲੇ ਝੁਲਸਦਾ ਏ ?

ਸੁਰਜੀਤ–ਓਹ ਮੇਰੇ ਵੰਡੇ ਦਾ ਪੀਂਦਾ ਏ, ਤੂੰ ਤਾਂ ਏਸ ਨੂੰ ਵੇਖ ਵੀ ਨਹੀਂ ਝਲਦੀ।

ਬੇਬੇ–(ਦੋਵੇਂ ਹਥ ਚੁਕ ਕੇ) ਚੁਪ ਕਰ ਜਾ ਗਰਕ-ਹੋਣਿਆ ! ਓਹ ਤਾਂ ਦੋਵੇਂ ਜੋ ਸਨ ਸੋ ਸਨ, ਇਹ ਉਨ੍ਹਾਂ ਦਾ ਵੀ ਪਿਓ ਨਿਕਲਿਆ। ਰਤਾ ਗਲ ਆਖੋ, ਗਿੱਚੀ ਨੂੰ ਆਉਂਦਾ ਏ।

ਸੁਰਜੀਤ–(ਗੁੱਸਾ ਪੀ ਕੇ) ਤੈਨੂੰ ਤਾਂ ਸਾਰਾ ਦਿਨ ਬੋਲਣ ਦੀ ਆਦਤ ਏ। ਦੁਪਹਿਰੇ ਦੁਪਹਿਰੇ ਪਹਿਲਾਂ ਬਾਪੂ ਨੂੰ ਟੁਕ ਦੇਣ ਗਿਆ, ਫੇਰ ਗੱਜਨ ਤਖਾਨ ਤੋਂ ਹਲ ਦੀ ਮਢੇਲ ਠੁਕਵਾ ਕੇ ਕਿਆਰਾ ਵਾਹੁੰਦਾ ਰਿਹਾ, ਤੈਨੂੰ ਕਿਸੇ ਦਾ ਕੁਝ ਕੀਤਾ ਪਸੰਦ ਵੀ ਆਉਂਦਾ ਏ ?

ਬੇਬੇ–(ਖਿਝੀ ਹੋਈ) ਵੇ ਤੂੰ ਕਰਨ ਜੋਗਾ ਹੈਂ ਈ ਕੀ ? ਚੌਥੇ ਦਿਨ ਕੁਝ ਗੰਵਾ ਆਦੂੰਦਾ ਏਂ। ਅਜ ਮਝ ਖੋ ਆਇਆ, ਹਥਨੀ ਵਰਗੀ ਸੀ ਜਿਸ ਨੂੰ ਐਵੇਂ ਕੈਵੇਂ ਦੇ ਆਇਆ ਕਿਤੇ।

ਸੁਰਜੀਤ–(ਮਘਦ ਗੁੱਸੇ ਨਾਲ) ਹਾਹੋ, ਜਾਣ ਬੁਝ ਕੇ ਦੇ ਆਇਆ ਹਾਂ ਮੈਂ।

ਬੇਬੇ–ਨਹੀਂ ਵੀ ਹੋਰ। ਆਉਂਦੇ ਨੂੰ ਕੋਈ ਛਿਤਰੀਂ ਨਹੀਂ ਨਾ ਡਹਿੰਦਾ।

ਸੁਰਜੀਤ–ਤੇ ਤੂੰ ਥੋੜਾ ਕਰਦੀ ਐਂ ਮੇਰੇ ਨਾਲ ?

ਕਿਰਪੀ–ਛਡਿਆ ਵੀ ਕਰ ਮਾਣੀ, ਤੂੰ ਵੀ ਤੇ ਇਕ ਗਲ ਨੂੰ ਫੜ ਕੇ ਈ ਬਹਿ ਜਾਨੀ ਏਂ, ਬਾਹਰ ਹਨੇਰੀ ਦਾ ਜ਼ੋਰ ਮੱਠਾ ਹੋ ਜਾਏ, ਆਪੇ ਲਭ ਪਵੇਗੀ ਮਝ।

ਬੇਬੇ–(ਚਿੜ ਕੇ) ਨੀ ਹਨੇਰੀ ਵਿਚ ਕੁੱਤਾ ਨਾ ਗੁਆ ਆਇਆ ? ਮਸਤਿਆ ਹੋਇਆ ਏ, ਖਰੋਟਾਂ ਕੋਡੀਆਂ ਤੋਂ ਤਾਂ ਵਿਹਲ ਨਹੀਂ ਮਿਲਦੀ।

ਮੈਂ ਵੀ ਇਕ ਦਿਨ ਵੇਖਦੀ ਹਾਂ, ਦੋ ਦਿਨ ਵੇਖਦੀ ਹਾਂ, ਜੇ ਨਾ ਏਸ ਕੁਤੜੇ ਨੂੰ ਬਾਹਰ ਚਲਾ ਮਾਰਾਂ, ਹਰ ਵੇਲੇ ਨਾਲ ਚਮੇੜੀ ਰਖਦਾ ਏ।

ਸੁਰਜੀਤ—(ਕੁੱਤੇ ਨੂੰ ਆਪਣੇ ਵਲ ਧੂ ਕੇ) ਕਿਵੇਂ ਸੁਟ ਦੇਵੇਂਗੀ ਤੂੰ ਕੁੱਤੇ ਨੂੰ? ਜਦ ਵੇਖੋ ਹਨੇਰੀ ਵਾਂਗ ਚੜ੍ਹੀ ਰਹਿੰਦੀ ਏ।

ਕਿਰਪੀ—(ਮਿੰਨਤ ਨਾਲ) ਲੈ ਵੀਰ ਹਾੜ੍ਹੇ, ਤੂੰ ਨਾ ਘਾਬਰ, ਮਾਂ ਦਾ ਤਾਂ ਸੁਭਾ ਈ ਏ। ਦੋ ਗੱਲਾਂ ਆਖ ਲਈਆਂ ਤਾਂ ਕੀ ਹੋਇਆ। ਚਲ ਕੁੱਤੇ ਨੂੰ ਛਡ ਤੇ ਰੋਟੀ ਟੁਕ ਖਾ—ਮੈਂ ਦੁਬਾਰਾ ਤੱਤੀ ਕਰ ਦਿੰਨੀ ਆਂ ਰੋਟੀ ਤੇ ਫਲੀਆਂ।

ਸੁਰਜੀਤ—(ਗਲੇਡੂ ਭਰ ਕੇ) ਨਹੀਂ ਬੀਰੋ, ਜੇ ਏਸ ਤਰ੍ਹਾਂ ਔਖੀ ਰਹਿੰਦੀ ਏ ਮਾਂ, ਤਾਂ ਮੈਂ ਵੀ ਨਹੀਂ ਇਥੇ ਰਹਿਣਾ।

ਕਿਰਪੀ—ਕੀ ਗੱਲਾਂ ਕਰਦਾ ਏ ਮੇਰਾ ਕਮਲਾ ਨਿੱਕਾ ਵੀਰ—ਲੈ ਬੈਠ ਚੌਂਕੀ ਤੇ, (ਮੂੜ੍ਹਾ ਅੱਗੇ ਕਰਦੀ ਤੇ ਉਸ ਨੂੰ ਬਿਠਾਉਂਦੀ ਹੋਈ) ਮੈਂ ਹਥ ਧੁਆਉਨੀ ਹਾਂ ਤੇਰੇ—, ਕਿਵੇਂ ਤੇਰਾ ਸਿਰ ਮੂੰਹ ਰੇਤੇ ਨਾਲ ਅਟਿਆ ਪਿਆ ਏ।

[ਸੁਰਜੀਤ ਬੈਠ ਜਾਂਦਾ ਹੈ।

ਬੇਬੇ—(ਖਿਝ ਕੇ) ਨੀ ਤਰੇ ਲਾਡਾਂ ਨੇ ਏਸ ਨੂੰ ਚੰਭਲਾ ਰਖਿਆ ਏ। ਜਾਣ ਦੇ ਜਿੱਥੇ ਜਾਂਦਾ ਏ, ਮੈਥੋਂ ਨਹੀਂ ਏਸੇ ਤਰ੍ਹਾਂ ਪਲੋਸ ਪਲੋਸ ਰਖੀਦੇ ਇਹ ਸੰਢੇ। ਜੰਮ ਦਿਤੇ, ਪਾਲ ਦਿੱਤੇ, ਤੇ ਉਤੋਂ ਫੇਰ ਮੈਨੂੰ ਝਈਆਂ ਲੈ ਲੈ ਆਉਂਦੇ ਨੇ। ਮੈਂ ਤਾਂ ਸੋਚਦੀ ਸਾਂ ਕਿ ਇਹ ਤੀਜਾ ਕੁਝ ਅਸੀਲ ਏ, ਪਰ ਸਾਰੇ ਦੇ ਸਾਰੇ ਫਾਹੇ ਦੇਣ ਜੋਗੇ ਨੇ। ਇਕ ਮਝ ਗੁਆ ਆਇਆ, ਦੂਜੇ ਉਤੋਂ ਡੇਲੇ ਕਢਦਾ ਏ।

ਸੁਰਜੀਤ—(ਆਪਣੀ ਥਾਂ ਤੋਂ ਉਠ ਕੇ) ਚੰਗਾ ਫੇਰ, ਮੈਂ ਵੀ ਪਿਓ ਦਾ ਪੁਤ ਨਹੀਂ ਜੇ ਹੁਣ ਏਸ ਘਰ ਚੋਂ ਪਾਣੀ ਵੀ ਪੀਆਂ। ਇਹੋ ਸੋਚਦੀ ਐਂ ਤਾਂ ਏਸ ਤਰ੍ਹਾਂ ਸਹੀ।

ਮੈਂ ਵੀ ਇਕ ਦਿਨ ਵੇਖਦੀ ਹਾਂ, ਦੋ ਦਿਨ ਵੇਖਦੀ ਹਾਂ, ਜੇ ਨਾ ਏਸ ਕੁਤੜੇ ਨੂੰ ਬਾਹਰ ਚਲਾ ਮਾਰਾਂ, ਹਰ ਵੇਲੇ ਨਾਲ ਚਮੇੜੀ ਰਖਦਾ ਏ।

ਸੁਰਜੀਤ–(ਕੁੱਤੇ ਨੂੰ ਆਪਣੇ ਵਲ ਧੂ ਕੇ) ਕਿਵੇਂ ਸੁਟ ਦੇਵੇਂਗੀ ਤੂੰ ਕੁੱਤੇ ਨੂੰ ? ਜਦ ਵੇਖੋ ਹਨੇਰੀ ਵਾਂਗ ਚੜ੍ਹੀ ਰਹਿੰਦੀ ਏ।

ਕਿਰਪੀ–(ਮਿੰਨਤ ਨਾਲ) ਲੈ ਵੀਰ ਹਾੜ੍ਹੇ, ਤੂੰ ਨਾ ਘਾਬਰ, ਮਾਂ ਦਾ ਤਾਂ ਸੁਭਾ ਈ ਏ। ਦੋ ਗੱਲਾਂ ਆਖ ਲਈਆਂ ਤਾਂ ਕੀ ਹੋਇਆ। ਚਲ ਕੁੱਤੇ ਨੂੰ ਛਡ ਤੇ ਰੋਟੀ ਟੁਕ ਖਾ–ਮੈਂ ਦੁਬਾਰਾ ਤੱਤੀ ਕਰ ਦਿੱਨੀ ਆਂ ਰੋਟੀ ਤੇ ਫਲੀਆਂ।

ਸੁਰਜੀਤ–(ਗਲੇਡੂ ਭਰ ਕੇ) ਨਹੀਂ ਬੀਰੋ, ਜੇ ਏਸ ਤਰ੍ਹਾਂ ਔਖੀ ਰਹਿੰਦੀ ਏ ਮਾਂ, ਤਾਂ ਮੈਂ ਵੀ ਨਹੀਂ ਇਥੇ ਰਹਿਣਾ।

ਕਿਰਪੀ–ਕੀ ਗੱਲਾਂ ਕਰਦਾ ਏ ਮੇਰਾ ਕਮਲਾ ਨਿੱਕਾ ਵੀਰ–ਲੈ ਬੈਠ ਚੌਂਕੀ ਤੇ, (ਮੂੜ੍ਹਾ ਅੱਗੇ ਕਰਦੀ ਤੇ ਉਸ ਨੂੰ ਬਿਠਾਉਂਦੀ ਹੋਈ) ਮੈਂ ਹਥ ਧੁਆਉਨੀ ਹਾਂ ਤੇਰੇ–, ਕਿਵੇਂ ਤੇਰਾ ਸਿਰ ਮੂੰਹ ਰੇਤੇ ਨਾਲ ਅਟਿਆ ਪਿਆ ਏ।

[ਸੁਰਜੀਤ ਬੈਠ ਜਾਂਦਾ ਹੈ।

ਬੇਬੇ–(ਖਿਝ ਕੇ) ਨੀ ਤੇਰੇ ਲਾਡਾਂ ਨੇ ਏਸ ਨੂੰ ਚੰਭਲਾ ਰਖਿਆ ਏ। ਜਾਣ ਦੇ ਜਿੱਥੇ ਜਾਂਦਾ ਏ, ਮੈਥੋਂ ਨਹੀਂ ਏਸੇ ਤਰ੍ਹਾਂ ਪਲੋਸ ਪਲੋਸ ਰਖੀਦੇ ਇਹ ਸੰਢੇ। ਜੰਮ ਦਿਤੇ, ਪਾਲ ਦਿੱਤੇ, ਤੇ ਉਤੋਂ ਫੇਰ ਮੈਨੂੰ ਝਈਆਂ ਲੈ ਲੈ ਆਉਂਦੇ ਨੇ। ਮੈਂ ਤਾਂ ਸੋਚਦੀ ਸਾਂ ਕਿ ਇਹ ਤੀਜਾ ਕੁਝ ਅਸੀਲ ਏ, ਪਰ ਸਾਰੇ ਦੇ ਸਾਰੇ ਫਾਹੇ ਦੇਣ ਜੋਗੇ ਨੇ। ਇਕ ਮਝ ਗੁਆ ਆਇਆ, ਦੂਜੇ ਉਤੋਂ ਡੋਲੇ ਕਢਦਾ ਏ।

ਸੁਰਜੀਤ–(ਆਪਣੀ ਥਾਂ ਤੋਂ ਉਠ ਕੇ) ਚੰਗਾ ਫੇਰ, ਮੈਂ ਵੀ ਪਿਓ ਦਾ ਪੁਤ ਨਹੀਂ ਜੇ ਹੁਣ ਏਸ ਘਰ ਚੋਂ ਪਾਣੀ ਵੀ ਪੀਆਂ। ਇਹੋ ਸੋਚਦੀ ਐਂ ਤਾਂ ਏਸ ਤਰ੍ਹਾਂ ਸਹੀ।

ਰੋਟੀ ਤੇ ਮਖਨੀ ਤੇ ਫਲੀਆਂ ਦਾ ਸਾਗ ਰਿੱਧਾ ਪਿਆ ਏ ਤੇਰੇ ਲਈ।

ਸੁਰਜੀਤ–(ਹਥ ਛੁੜਾ ਕੇ) ਵੇਖੀ ਜਾਊ। (ਕੁੱਤੇ ਨੂੰ ਪੁਚਕਾਰ ਕੇ) ਚਲ ਮੇਰਾ ਸ਼ੇਰ–

[ਤੇ ਦੋਵੇਂ ਬਾਹਰ ਨਿਕਲ ਜਾਂਦੇ ਹਨ। ਹਵਾ ਓਸੇ ਤਰ੍ਹਾਂ ਚੰਘਿਆੜਦੀ ਹੈ ਤੇ ਹਵਾ ਵਿਚ ਉਡਦੀ ਕੁੱਤੇ ਦੀ ਭੌਂ ਭੌਂ ਸੁਣਦੀ ਹੈ।

ਕਿਰਪੀ–(ਚੀਕ ਕੇ) ਮਾਂ–

ਬੇਬੇ–(ਬੁੜ ਬੁੜ ਕਰਦੀ ਹੋਈ) ਤੀਜਾ ਵੀ ਗਿਆ!

ਕਿਰਪੀ–ਵੀਰ!–(ਰੋ ਕੇ) ਮਾਂ ਤੂੰ ਉਸ ਨੂੰ ਘਲ ਦਿਤਾ!

ਬੇਬੇ–(ਉਠ ਕੇ ਬੂਹਾ ਢੋਂਦੀ ਹੈ) ਕੀ ਆਖਿਆ ਸੀ ਮੈਂ ਉਸ ਨੂੰ–? ਮੜ ਗੁਆ ਆਇਆ, ਪੁਛਿਆ ਤਾਂ ਉਤੋਂ ਵਢੂ-ਖਾਊਂ ਕਰਨ ਲਗ ਪਿਆ। ਚਲ ਮੇਰੀ ਜਿੰਦ ਸੁਖਾਲੀ ਹੋਈ। ਪਹਿਲਾਂ ਏਸ ਦੀ ਉਡੀਕ ਸੀ, ਆਸ ਸੀ, ਹੁਣ ਕਿਸੇ ਦੀ ਵੀ ਨਹੀਂ ਹੋਵੇਗੀ।

ਕਿਰਪੀ–(ਟੁਟਦੀ ਆਵਾਜ਼ ਵਿਚ) ਮੇਰਾ ਤੀਜਾ ਵੀਰ!–ਮਾਂ (ਅੰਬੜਦੇ ਬੋਲਾਂ ਵਿਚ) ਹਾਲੇ ਵੀ ਸਦ ਲਿਆ, ਦੂਰ ਨਹੀਂ ਗਿਆ ਓਹ, ਸੁਣ, ਉਸ ਦੇ ਕੁੱਤੇ ਦੀ ਭੌਂਕ ਸੁਣਦੀ ਏ।

[ਕੁੱਤੇ ਦੀ ਰੋਣ ਦੀ ਆਵਾਜ਼।

ਬੇਬੇ–ਹੱਛਾ। (ਕੁਝ ਸੋਚਦੀ ਹੋਈ) ਹੱਛਾ ਦੂਰ ਨਹੀਂ ਗਿਆ–(ਵੈਲਰੀ ਆਵਾਜ਼ ਵਿਚ) ਦੂਰ ਨਹੀਂ ਗਿਆ–ਪਰ ਓਹ ਵੀ ਸਭਨਾਂ ਵਾਂਗ ਚਲਿਆ ਗਿਆ।

ਕਿਰਪੀ–(ਡੁਸਕਦੀ ਹੋਈ) ਚੁਲ੍ਹੇ ਤੇ ਓਹਦਾ ਸਾਗ ਹੁਣ ਤੀਕਰ ਤੱਤਾ ਪਿਆ ਏ–

[ਕੁੱਤੇ ਦੀ ਦੂਰ ਸਾਰੇ ਪੋਲੀ ਆਵਾਜ਼।

ਆਹ ਸੁਣ! ਸੁਣਦੀ ਏਂ?

ਬੇਬੇ–ਕੀ–ਹਾਂ–ਹਾਂ ਸਚ, ਪਰ–ਓਹ ਚਲਿਆ ਗਿਆ।

ਕਿਰਪੀ–ਤੂੰ–ਤੂੰ ਓਸ ਨੂੰ ਇਕ ਵਾਰ ਵੀ ਨਾ ਰੋਕਿਆ।

ਬੇਬੇ–ਅੱਗ ਦੇ ਫਲੂਸੜੇ ਉਡਦੇ ਨੇ--ਚਲ ਤੂੰ ਚੌਂਕਾ ਚੁਲ੍ਹਾ ਸਾਂਭ–ਹਨੇਰੀ ਠਲ੍ਹਣ,ਪਿਛੋਂ ਮੈਂ ਖੇਤ ਚੋਂ ਤੇਰੇ ਬਾਪੂ ਨੂੰ ਬੁਲਾਉਣ ਜਾਵਾਂਗੀ ਕਿ ਉਹ ਕਿਸੇ ਨੂੰ ਆਖ ਕੇ ਮਝ ਟੋਲੇ।

[ਕਿਰਪੀ ਓਸੇ ਤਰ੍ਹਾਂ ਡਡੋਲਕੀ ਹੋਈ ਖਲੋਤੀ ਹੈ ਤੇ ਬੁੜ ਬੁੜ ਕਰਦੀ ਬੇਬੇ ਚੌਂਕਾ ਚੁਲ੍ਹਾ ਸਾਂਭਦੀ ਹੈ।

ਪਰਦਾ

# ਤਰਕਾਲਾਂ

ਸੋਹਣ ਸਿੰਘ ਛਬੀਲ ਦਾ ਰਾਖਾ ਹੈ, ਉਮਰ ੫੧ ਸਾਲ, ਖੋਦੀ ਦਾੜ੍ਹੀ ਤੇ ਸਿਰ ਉਤੇ ਕਾਲਾ ਲੰਬਾ ਪੱਗੜ।

ਛਬੀਲ ਕੋਲ ਇਕ ਢਾਬ ਹੈ ਜਿਥੇ ਪਿੰਡ ਦੀਆਂ ਤੀਵੀਂਆਂ ਪਾਣੀ ਭਰਨ ਆਉਂਦੀਆਂ ਹਨ।

ਸੰਝ ਦਾ ਵੇਲਾ ਹੈ। ਸੋਹਣ ਸਿੰਘ ਖਾਲੀ ਘੜਿਆਂ ਕੋਲ ਬਠਾ ਆਪੇ ਆਪ ਗੱਲਾਂ ਕਰੀ ਜਾਂਦਾ ਹੈ।

ਸੋਹਣ ਸਿੰਘ—ਹੂੰ! ਪਾਣੀ ਪਲਾ ਦੇ ਜਿਵੇਂ ਇਨ੍ਹਾਂ ਦੇ ਪਿਓ ਦਾ ਨੌਕਰ ਹੁੰਨਾਂ ਆਂ। ਹੱਥ ਟੁਟੇ ਹੋਏ ਨੇ? ਆਪ ਪੀ ਲੈਣ। ਨੰਗ ਪਿੰਡ ਐ ਨੰਗ, ਚਾਹ ਜੋਗਾ ਤਾਂ ਦੁਧ ਨਹੀਂ ਦੇਂਦੇ। ਉਸ ਸੌਹਰੀ ਨਿਹਾਲੋ ਤੋਂ ਘੁਟ ਦੁਧ ਮੰਗਿਆ ਸੀ, ਤਿੰਨ ਲਵੇਰੀਆਂ ਖੜੀਆਂ ਨੇ ਪਰ ਫਿਟੀ ਨੀਤ ਵਾਲੀ ਤੋਂ ਇਹ ਵੀ ਨਾ ਸਰਿਆ ਕਿ ਸਾਡਾ ਕੌਲ ਭਰ ਦੇਵੇ, ਜਿਵੇਂ ਚਿੜੀ ਮੂਤਦੀ ਏ, ਚੱਕ ਲੈ ਆਪਣਾ ਨੱਥ, ਤੇਰੇ ਦੁਧ ਬਾਝੋਂ ਕੀ ਸਾਡੀ ਚਾਹ ਨਾ ਬਣੂ? ਮਲੰਗਾਂ ਨਾਲ ਵਾਹ ਪੈ ਗਿਆ ਐ ਮਲੰਗਾਂ ਨਾਲ।

[ਇਕ ਰਾਹੀ ਆਉਂਦਾ ਹੈ।

ਰਾਹੀ—ਬਾਬਾ ਪਾਣੀ ਪੀਣਾ ਸੀ।

ਸੋਹਣ ਸਿੰਘ—ਓਏ ਪੀ ਲੈ ਅੰਦਰੋਂ, ਸਾਹ ਵੀ ਨਹੀਂ ਲੈਣ ਦਿੰਦੇ।

ਰਾਹੀ—ਗੜਵੀ ਦੇਵੀਂ ਜ਼ਰਾ।

ਸੋਹਣ ਸਿੰਘ—ਦਵਾਂ ਏਸ ਨਗੌਰੀ ਨੂੰ ਗੜਵਾ! ਭੁਖੜਾਂ ਦਾ ਦੇਸ ਐ। ਅਗੇ

ਨੱਵੇ ਗੜਵੀਆਂ ਜਾਂਦੀਆਂ ਰਹੀਆਂ। ਸਿਰ ਪੈਰ ਦੇ ਲੀੜੇ ਲਾਹੁਣ ਤਾਈਂ ਜਾਂਦੇ ਨੇ, ਤੇ ਇਹ ਸਾਤੋਂ ਗੜਵੇ ਭਾਲਦਾ ਐ।

[ਇਕ ਮੁਟਿਆਰ ਢਾਬ ਤੇ ਘੜਾ ਭਰਨ ਆਉਂਦੀ ਹੈ।

ਕੁੜੀ–ਬਾਬਾ ਘੜਾ ਚੁਕਾਵੀਂ ਰਤਾ!

ਸੋਹਣ ਸਿੰਘ–ਹੂੰ, ਪਰਸੋਂ ਦੋ ਮਾਸਾ ਦੁਧ ਨਾ ਸਰਿਆ ਤੇ ਹੁਣ ਸਾਡੇ ਸ਼ਬਦਾਂ ਵਿਚ ਦੁਗਾੜਾ ਮਾਰਦੀ ਐ। ਖਬਰੇ ਲੋਕੀ ਕਿਉਂ ਮੇਰੇ ਨਾਲ ਆ ਆ ਕੇ ਖਹਿੰਦੇ ਨੇ। ਕਿਸੇ ਨੂੰ ਮੰਦ ਚੰਗ ਨਹੀਂ ਬੋਲੀਦਾ, ਫੇਰ ਵੀ ਟੋਕਾਂ ਮਾਰਣੋਂ ਨਹੀਂ ਟਲਦੇ।

ਕੁੜੀ–ਬਾਬਾ ਤੈਨੂੰ ਕੀ ਟੋਕ ਮਾਰੀ ਏ, ਇਹੋ ਆਖਿਆ ਸੀ ਨਾ ਕਿ ਹੌਲੀ ਟੁਰਿਆ ਕਰ, ਡਿਗ ਪਵੇਂਗਾ।

ਸੋਹਣ ਸਿੰਘ–ਹੌਲੀ ਚਲਿਆ ਕਰ, ਕਿਉਂ ਮੈਂ ਕੀ ਥੋੜੀਆਂ ਮੱਝਾਂ ਚੁੰਘ ਲਿਤੀਆਂ? ਹੌਲੀ ਚਲਿਆ ਕਰ, ਭਲਾ ਜੇ ਥੋੜੇ ਗੋਡੇ ਜੁੜੇ ਹੋਏ ਹਨ ਤਾਂ ਫੇਰ ਕੀ ਅਸੀਂ ਵੀ ਕੋੜ੍ਹੀਆਂ ਨਾਲ ਕੋੜ੍ਹੀ ਬਣ ਜਾਈਏ?

ਕੁੜੀ–ਪਰ ਬਾਬਾ ਤ੍ਰਕਾਲ ਢਲ ਚੁਕੀ ਏ, ਮੇਰੀਆਂ ਸਭੇ ਹਾਨਣਾਂ ਆਪਣੇ ਆਪਣੇ ਘੜੇ ਚੁਕਾਕੇ ਚਲੀਆਂ ਗਈਆਂ-ਮੈਨੂੰ ਚਿਰਪਿਆ ਹੁੰਦਾ ਏ।

ਸੋਹਣ ਸਿੰਘ–(ਆਕੜ ਕੇ) ਚੁਕਾ ਲੈ ਕਿਸੇ ਤੋਂ, ਢਾਬ ਤੇ ਐਨੇ ਜਣੇ ਹੋਣਗੇ।

ਕੁੜੀ–ਫੇਰ ਤੇਰੇ ਕਿਉਂ ਹਾੜੇ ਘਤਦੀ। ਵੇਖਦਾ ਨਹੀਂ ਹਨੇਰਾ ਵਧੀਕ ਕਾਲਾ ਹੁੰਦਾ ਜਾਂਦਾ ਏ ਤੇ ਢਾਬ ਕਾਂ-ਡੋਡ ਦੀ ਅੱਖ ਵਾਂਗ ਲਿਸ਼ਕਣ ਲਗ ਪਈ ਏ।

ਸੋਹਣ ਸਿੰਘ–ਮੇਰਾ ਸਿਰ ਨਾ ਖਾ, ਪਿੰਡ ਦਾ ਖੋਰ, ਹਰ ਵੇਲੇ ਕੋਈ ਨਾ ਕੋਈ ਪਿੱਪਲ ਲਗਿਆ ਰਹਿੰਦਾ ਐ। ਜਾਹ–

ਕੁੜੀ–(ਰਾਹੀ ਨੂੰ) ਚੰਗਾ ਭਾਈ ਤੂੰ ਰਤਾ ਹੱਥ ਲਵਾ ਦੇ।

ਰਾਹੀ–ਹੱਛਾ।

[ਦੋਵੇਂ ਚਲੇ ਜਾਂਦੇ ਹਨ।

ਸੋਹਣ ਸਿੰਘ–ਹੱਛਾ! ਲੁੱਚਾ ਕਿਸੇ ਥਾਂ ਦਾ। ਆਖਦਾ ਏ, ਹੱਛਾ। ਆਪੇ ਤਾਂ

ਬਾਹਰ ਤੂੰ ?

ਚੰਦਨ—ਜੀ ਹਾਂ, ਹਾਂ ਮਾਸੀ।

ਕਲਾਕਾਰ—ਮਾਸੀ ?

ਚੰਦਨ—ਹਾਂ।

ਕਲਾਕਾਰ—ਕਿਹਦੀ ?

ਚੰਦਨ--ਤੁਹਾਡੀ।

ਕਲਾਕਾਰ--ਮੇਰੀ ?

ਚੰਦਨ--ਹਾਂ।

ਕਲਾਕਾਰ--ਕਿਥੋਂ ?

ਚੰਦਨ--ਪਤਾ ਨਹੀਂ, ਨਾਲ ਉਸ ਦੇ ਕੁੜੀ ਏ ਇਕ।

ਕਲਾਕਾਰ--ਕੁੜੀ ?

ਚੰਦਨ--ਹਾਂ।

ਕਲਾਕਾਰ--ਤੇ ਹੋਰ ਕੋਣ ਏ ਉਨ੍ਹਾਂ ਨਾਲ ?

ਚੰਦਨ--ਗੱਠੜੀ, ਪੋਂਡੇ, ਇਕ ਝੱਜਰ--

ਕਲਾਕਾਰ--ਓਏ, ਛੇਤੀ ਕਰ ਛੇਤੀ, (ਜੋਗੀ ਵਲ) ਚਲ ਭਾਈ।

[ਕਾਹਲੀ ਕਾਹਲੀ ਓਹ ਆਪਣੀਆਂ ਕੰਧਾਂ ਤੇ ਨੰਗੀਆਂ ਮੂਰਤਾਂ ਦੇ ਪਾਸੇ ਪਰਤ ਦਿੰਦਾ ਹੈ।

ਕੁੜੀ—ਮੇਰੀ ਮੂਰਤ ?

ਕਲਾਕਾਰ—ਚਲੋ ਚਲੋ—

ਚੰਦਨ—(ਹੈਰਾਨ ਹੋ ਕੇ) ਕਿਉਂ ?

ਕਲਾਕਾਰ—ਚੁਪ (ਇਸ਼ਾਰਾ ਕਰਕੇ ਤੇ ਮੂੰਹ ਤੇ ਉਂਗਲ ਰਖ ਕੇ) ਓਹ।

ਚੰਦਨ—ਮਾਸੀ ?

ਕਲਾਕਾਰ—ਹਾਂ। (ਜੋਗੀ ਨੂੰ) ਲੈ ਫੜ ਦਵਾਨੀ।

ਜੋਗੀ—(ਦਵਾਨੀ ਵਲ ਤਕ ਕੇ) ਬਾਬਾ ਇਹ ਤਾਂ ਕੌਡੀਆਂ ਵਾਲੇ ਦੇ ਦੁਧ ਦੀ ਭੇਟਾ ਏ, ਕੁਝ ਸੰਤਾਂ ਨੂੰ ਵੀ ਤਾਂ—

ਕਲਾਕਾਰ—ਫੇਰ ਕਿਸੇ ਵੇਲੇ।

ਕੁੜੀ—ਤੇ ਮੇਰੀ ਮੂਰਤ ?

ਕਲਾਕਾਰ—ਪੂਰੀ ਨਹੀਂ ਹੋਈ—ਤੂੰ ਵੀ ਲੈ ਫੜ ਦਵਾਨੀ।

[ਜੋਗੀ ਤੇ ਕੁੜੀ ਚਲੇ ਜਾਂਦੇ ਹਨ।

ਕਲਾਕਾਰ—ਜਾ ਮਾਸੀ ਨੂੰ ਅੰਦਰ ਸਦ ਲਿਆ।

[ਮਾਸੀ ਤੇ ਆਗਿਆ ਅੰਦਰ ਆਉਂਦੀਆਂ ਹਨ, ਮਾਸੀ ਨੇ ਇਕ ਮੋਟੀ ਘਗਰੀ ਕਾਲੀ ਲੰਮੀ ਕੁੜਤੀ ਤੇ ਫਲਕਾਰੀ ਲਈ ਹੋਈ ਹੈ। ਕੁਛੜ ਵਿਚ ਗੰਢੜੀ ਹੈ ਤੇ ਹਥ ਵਿਚ ਪੋਂਡੇ। ਆਗਿਆ ਨੇ ਸਾੜ੍ਹੀ ਪਾਈ ਹੋਈ ਹੈ ਤੇ ਉਚੀ ਅੱਡੀ ਦੀ ਸੈਂਡਲ ਤੇ ਹਥ ਵਿਚ ਸਫ਼ੈਦ ਬਟੂਆ ਫੜਿਆ ਹੋਇਆ ਹੈ। ਮਾਸੀ ਹੌਂਬੀ ਹੋਈ ਆ ਕੇ ਕਲਾਕਾਰ ਕੋਲ ਖਲੋ ਜਾਂਦੀ ਹੈ। ਘਬਰਾ ਵਿਚ ਕਲਾਕਾਰ ਦੇ ਹਥੋਂ ਪੈਲਟ ਡਿਗ ਪੈਂਦੀ ਹੈ। ਓਹ ਨਿਊਂ ਕੇ ਉਸ ਨੂੰ ਚੁਕਦਾ ਹੈ ਤੇ ਮਾਸੀ ਸਮਝਦੀ ਹੈ ਕਿ ਮਥਾ ਟੇਕਿਆ ਹੈ।

ਮਾਸੀ—(ਅਸ਼ੀਰਵਾਦ ਦੇ ਕੇ) ਜਿਉਂਦਾ ਰਹਿ ਪੁਤ—

ਕਲਾਕਾਰ—(ਡਡਲਕਿਆ ਹੋਇਆ) ਹਾਂ......ਆਂ......

ਆਗਿਆ—ਨਮਸਤੇ।

ਕਲਾਕਾਰ—(ਪੈਲਟ ਤੇ ਬੁਰਸ਼ ਜੋੜ ਕੇ) ਨਮਸਤੇ।

ਮਾਸੀ—(ਸਾਹ ਲੈ ਕੇ) ਕਿਰਪੋ ਦੇ ਵਿਆਹ ਆਈ ਸਾਂ ਪੁਤ, ਮੈਂ ਸੋਚਿਆ ਆਪਣੇ ਚੰਨ ਨੂੰ ਵੀ ਵੇਖੀ ਚੱਲਾਂ—(ਗੰਨੇ ਤੇ ਗੰਢੜੀ ਈਜ਼ਲ ਉਤੇ ਲਮਕਾ ਕੇ) ਇਹ—

ਕਲਾਕਾਰ—ਓਏ ਚੰਦਨ—ਕਿਥੇ ਮਰ ਗਿਆ ?

ਚੰਦਨ—(ਅੰਦਰੋਂ) ਜੀ ਹਾਂ।

[ਆਉਂਦਾ ਹੈ।

ਕਲਾਕਾਰ–(ਗੰਢੜੀ ਸਾਂਭ ਕੇ) ਲੈ ਫੜ ਇਨ੍ਹਾਂ ਨੂੰ ਤੇ ਰਖ ਕਿਤੇ–

[ਚੰਦਨ ਫੜ ਲੈਂਦਾ ਹੈ।

ਮਾਸੀ–ਤੂੰ ਆਗਿਆ ਨੂੰ ਤਾਂ ਨਹੀਂ ਪਛਾਣਿਆ ਹੋਊ–ਹੀ ਹੀ–ਉਦੋਂ ਇਹ ਛੋਟੀ ਜਿਹੀ ਸੀ–

ਕਲਾਕਾਰ–ਹਾਂ– [ਮਾਸੀ ਬੈਠਣ ਲਈ ਏਧਰ ਉਧਰ ਤਕਦੀ ਹੈ।

ਚੰਦਨ, ਓਏ ਮੂੜ੍ਹਾ ਲਿਆ।

ਮਾਸੀ–(ਚੀਜ਼ ਸਾਂਭ ਕੇ ਏਧਰ ਉਧਰ ਤਕਦੀ ਹੈ। ਨੌਕਰ ਮੂੜ੍ਹਾ ਲਿਆਉਂਦਾ ਹੈ। ਬੈਠ ਕੇ) ਨਾਲ ਤਿਨ ਕੋਹ ਤੇ ਈ ਤੇਰੇ ਨਾਣਕੇ ਹਨ–ਹਾਂ ਉਥੇ ਗਈ ਸਾਂ (ਫੇਰ ਗਲੇਡੂ ਭਰ ਕੇ) ਜਦ ਦੀ ਮੇਰੀ ਧਰਮ ਭੈਣ ਮਰੀ ਐ, ਮੇਰਾ ਕਾਹਦਾ ਆਉਣ ਏ, ਪਰ ਫੇਰ ਵੀ ਓਹਦਾ ਪਿਆਰ, ਤੇ ਤੂੰ ਉਸ ਦੇ ਢਿਡ ਦੀ ਆਂਦਰ, ਮੇਥੋਂ ਰਹਿ ਨਾ ਹੋਇਆ।

ਕਲਾਕਾਰ–ਹਾਂ ਮਾਸੀ–

ਮਾਸੀ–(ਓਹਦੀ ਗਲ ਟੋਕ ਕੇ) ਤੇਰੀ ਨਾਨੀ ਤੈਨੂੰ ਉਡੀਕਦੀ ਸੀ, ਝਟ ਬਿੰਦ ਕਦੀ ਹੋ ਆਇਆ ਕਰ ਖਾਂ ਮੇਰਾ ਸੋਨਾ। ਤੇਰਾ ਮਾਮਾ ਪੁਛਦਾ ਸੀ ਤੇ ਤੇਰੇ ਲਈ ਉਸ ਇਹ ਗੰਨੇ ਭੇਜੇ ਨੇ।

ਕਲਾਕਾਰ--ਹਾਂ, ਮੈਂ ਵੀ ਕਈ ਵਾਰ ਸੋਚਿਆ–

ਮਾਸੀ–ਸੋਚਣਾ ਤੂੰ ਕਿਥੇ ਐਂ, ਜੇ ਕੁਝ ਸੋਚੇਂ ਤਾਂ ਘਰ ਬਾਰ ਦੀ ਨਾ ਕੁਝ ਫਿਕਰ ਕਰੇਂ–

ਕਲਾਕਾਰ–(ਗਿੱਚੀ ਖੁਰਕਦਾ ਹੋਇਆ) ਮਾਸੀ ਤਸਵੀਰਾਂ ਤੋਂ ਈ ਵਿਹਲ ਨਹੀਂ ਮਿਲਦੀ–

ਮਾਸੀ–ਤਾਂ ਫੇਰ ਹਾਲੇ ਕਿਤੇ ਦਲੀਲ ਨਹੀਂ ਕੀਤੀ?

[ਆਗਿਆ ਇਧਰ ਉਧਰ ਤਸਵੀਰਾਂ ਨੂੰ ਤਕਦੀ ਹੈ ਤੇ ਚੰਦਨ ਮੋਢੇ ਉੱਤੇ ਪਰਨਾ ਰਖੀ ਇਸ ਤਰ੍ਹਾਂ ਖਲੋਤਾ ਹੈ ਜਿਵੇਂ ਉਸ ਨੂੰ ਅਫੀਮ ਦੀ ਪੀਨਕ ਲਗੀ ਹੋਵੇ।

ਗੱਲਾਂ ਕਰਦੇ ਕਰਦੇ ਮਾਸੀ ਢਾਕੀਂ ਹਥ ਰਖ ਕੇ ਉਠਦੀ ਹੈ। ਕਲਾਕਾਰ ਈਜ਼ਲ ਉੱਤੇ ਵਾਹੀ ਨੰਗੀ ਤਸਵੀਰ ਨੂੰ ਢਕਣ ਦੀ ਕੋਸ਼ਿਸ਼ ਕਰਦਾ ਹੈ।

ਮਾਸੀ—(ਗਲ ਜਾਰੀ ਰਖਦੀ ਹੋਈ) ਤੇ ਫੇਰ ਕੀ ਤੂੰ ਬੁਢਾ ਹੋਇਆ ਕੰਗਣਾ ਬੰਨੇਂਗਾ? ਸੁਖ ਨਾਲ ਹੁਣ ਤੂੰ ਛੜਾ ਛਾਂਟ ਚੰਗਾ ਨਹੀਂ ਲਗਦਾ। ਕਿਸੇ ਧੀ ਭੈਣ ਨੇ ਮਿਲਣ ਆਉਣਾ ਹੋਵੇ ਤਾਂ ਘਰ ਵਿਚ ਉਠਣ ਬੈਠਣ ਲਈ ਕਿਸੇ ਬਹੂ ਦਾ ਪੈੜਾ ਤਾਂ ਹੋਵੇ।

ਕਲਾਕਾਰ—(ਖੰਘਦਾ ਹੋਇਆ) ਹੂੰ ਹੂੰ। ਤੇ ਆਗਿਆ ਨੂੰ ਕਿਥੇ—

ਮਾਸੀ—ਆਗਿਆ? ਇਸ ਨੂੰ ਵੀ ਪੜ੍ਹਨ ਦੀ ਫਿੜਕ ਵਜੀ ਹੋਈ ਏ। ਖੌਰੇ ਕੀ ਡਰੈਂਕ ਸਹੈਂਸ ਪੜ੍ਹਦੀ ਏ।

ਕਲਾਕਾਰ—ਕੀ ਇਹ ਡਰਾਇੰਗ ਵੀ ਪੜ੍ਹਦੀ ਏ?

ਆਗਿਆ—(ਧਿਆਨ ਦੇ ਕੇ) ਹਾਂ—

ਮਾਸੀ—ਮੇਰੇ ਤਾਂ ਕੁਝ ਪੱਲੇ ਨਹੀਂ ਪੈਂਦਾ। ਮੈਂ ਤਾਂ ਆਖਨੀ ਆਂ ਕਿ ਏਸ ਭੈੜੀ ਬਿਦਿਆ ਤੋਂ ਇਹਦਾ ਖੈਹੜਾ ਛੁਟੇ ਤੇ ਏਸ ਨੂੰ ਕਿਤੇ ਪਰੁਨੰ ਕੇ ਮੈਂ ਵੀ ਸੁਖ ਦਾ ਸਾਹ ਲਵਾਂ।

ਆਗਿਆ—ਚੰਗਾ ਮਾਂ—ਬਸ ਤੂੰ ਹਰ ਥਾਂ ਮੇਰੇ ਵਿਆਹ ਦਾ ਧੰਦਾ ਸੁਹੇੜ ਬੈਠਿਆ ਕਰ,—ਜਾ ਜਾ ਕੇ—

ਕਲਾਕਾਰ—(ਜਿਵੇਂ ਯਕਦਮ ਕੁਝ ਯਾਦ ਆ ਗਿਆ ਹੋਵੇ) ਓਏ ਹਾਂ ਸਚ, ਤੁਸਾਂ ਤਾਂ ਹਾਲੇ ਮੂੰਹ ਹਥ ਵੀ ਨਹੀਂ ਧੋਤਾ, ਰਸਤੇ ਦੀ ਧੂੜ ਵਿਚ— ਓਏ ਚੰਦਨ, ਜਾ ਦੂਜੇ ਕਮਰੇ ਵਿਚ ਲਜਾ ਕੇ ਇਨ੍ਹਾਂ ਦਾ ਮੂੰਹ ਹਥ ਧੁਆ।

ਮਾਸੀ—ਨਹੀਂ ਪੁਤ, ਅਜੇਹੀ ਕਿਹੜੀ ਮੈਂ ਥੱਕੀ ਹੋਈ ਆਂ।

ਕਲਾਕਾਰ—ਨਹੀਂ ਤੁਸੀਂ—

[ਚੰਦਨ ਤੇ ਮਾਸੀ ਦੂਜੇ ਕਮਰੇ ਵਿਚ ਚਲੇ ਜਾਂਦੇ ਹਨ।

(ਬੁਰਸ਼ ਤੇ ਪੈਲਿਟ ਮੇਜ਼ ਉਤੇ ਰਖ ਕੇ ਈਜ਼ਲ ਵਲ ਭੌਂਦਾ ਹੈ) ਮੈਂ

ਉਹ ਘੜੀ ਮੁੜੀ ਮੈਥੋਂ ਰੋਟੀ ਮੰਗਦੀ ਸੀ। ਛੇਕੜ ਮੈਂ ਖਿਝ ਕੇ ਆਖਿਆ "ਛੋਟੀ ਐਂ ਹੁਣ ਤੂੰ ਝੋਟੀ ਜਿਹੀ–? ਵਧ ਕੇ ਹੋਈ ਏਂ ਲਾਠ ਦੀ ਲਾਠ !–ਜਾ ਆਪ ਜਾ ਕੇ ਮੰਗ ਲਿਆ ਖਾਂ ਤਨੂਰ ਤੋਂ।"

ਉਹ ਬੁਸ ਬੁਸ ਰੋਣ ਲਗੀ ਤੇ ਮੈਨੂੰ ਆਖਿਆ, "ਤਨੂਰ-ਵਾਲਾ ਮੇਰੇ ਵਲ ਕਵੱਲਾ ਝਾਕਦਾ ਏ, ਤੇ ਮੇਰੀ ਕੁਰਤੀ ਬਾਵਾਂ ਤੇ ਛਾਤੀਆਂ ਤੋਂ ਖਿਸਕੀ ਹੋਈ ਏ"–

ਮੈਂ ਕੁਝ ਚਿਰ ਚੁਪ ਰਹੀ, ਤੇ ਉਹ ਬੋਲਦੀ ਗਈ. "ਉਹ ਮੇਰੀ ਪਾਟੀ ਕੰਡ ਵੇਖ ਕੇ ਹੱਸਣਗੇ, ਤੇ ਸੂਰਜ ਹਾਲੀ ਤੀਕ ਨਹੀ ਡੁਬਿਆ।"

ਫ਼ਜ਼ਲੂ–(ਭਖ ਕੇ) ਉਹ ਮੰਗਣ ਗਈ ਏ–? ਮੰਗਣ?

ਰਹੀਮਾਂ–ਪਤਾ ਨਹੀਂ--ਉਹ ਚੁਪ ਗੁਪ ਸੀ, ਉਸ ਦਾ ਮੂੰਹ ਪੀਲਾ ਸੀ ਤੇ ਉਸ ਦੀਆਂ ਅਖਾਂ ਸੁਜੀਆਂ ਹੋਈਆਂ, ਤੇ ਉਹ ਇਥੇ ਗੋਡੇ ਕਠੇ ਕਰੀ ਪਈ ਸੀ।

ਫ਼ਜ਼ਲੂ--ਉਹ ਉਨ੍ਹਾਂ ਗਿਰਝਾਂ ਤੋਂ ਮੰਗੇਗੀ?--ਉਨ੍ਹਾਂ ਗਿਰਝਾਂ ਕੋਲੋਂ ਜਿਨ੍ਹਾਂ ਸਾਡੀ ਦਿਲ ਦਾ ਸਾਰਾ ਮਾਸ ਚੂੰਡ ਲਿਆ ਏ? ਕੀਕਰ ਮੰਗੇਗੀ ਉਹ? ਕੀਕਰ...............?

ਰਹੀਮਾ--ਪਤਾ ਨਹੀਂ, ਕਿਥੇ ਗਈ ਏ ਉਹ। (ਚਿੰਤਾਤੁਰ ਹੋ ਕੇ) ਕੀ ਵੇਲਾ ਹੋਣਾ ਏ ਹੁਣ?

ਫ਼ਜ਼ਲੂ--ਪਲੱਤਣ ਵਟਿਆ ਸਾਵਾ ਤਾਰਾ ਕਦੇ ਦਾ ਆਪਣੀ ਝੁੱਗੀ ਦੀ ਸਿਰਕੀ ਪਿਛੇ ਜਾ ਲੁਕਿਆ ਏ, ਤੇ ਉਹ ਹਾਲੇ ਵੀ ਨਹੀ ਆਈ?

ਰਹੀਮਾ–ਨਾ।

ਫ਼ਜ਼ਲੂ–ਕਿਧਰ ਚਲੀ ਗਈ ਉਹ?

[ਖਬੇ ਪਾਸਿਓਂ ਲੱਥੇ ਖਿੜਕ ਚੋਂ ਨੂਰੀ ਅੰਦਰ ਆਉਂਦੀ ਹੈ। ਉਸ ਦੀ ਸਲਵਾਰ ਮੈਲੀ ਤੇ ਪਾਟੀ ਹੋਈ ਹੈ। ਉਸ ਦੀ ਕੁਰਤੀ ਦਾ ਅੱਗਾ ਵੱਖੀ ਤੀਕ ਪਾਟਿਆ ਪਿਆ ਹੈ ਤੇ ਪਿਛੋਂ ਕੰਡ ਵਾਲਾ ਪਾਸਾ ਥਾਂ ਥਾਂ ਤੋਂ ਉਡਿਆ ਹੋਇਆ।

ਉਸ ਦੀਆਂ ਪੀਲੀਆਂ ਗਲ੍ਹਾਂ ਤੇ ਸੁੱਕੇ ਹੰਝੂਆਂ ਦੇ ਨਸ਼ਾਨ ਹਨ। ਉਸ ਦੀਆਂ ਅਖਾਂ ਸੁਜੀਆਂ ਤੇ ਵਾਲਾਂ ਦੀਆਂ ਲਟੂਰੀਆਂ ਖੁਥੀਆਂ ਹੋਈਆਂ ਹਨ। ਉਹ ਰਤਾ ਕੁੱਬੀ ਹੋਈ ਖਲੋਤੀ ਹੈ। ਉਸ ਦੀ ਕਛ ਵਿਚ ਰੋਟੀਆਂ ਦੀ ਇਕ ਥਹੀ ਤੇ ਮਠਿਆਈ ਹੈ।

ਉਹ ਖਾਲੀ ਖਾਲੀ ਝਾਕਦੀ ਖਲੋਤੀ ਹੈ।

ਫ਼ਜ਼ਲੂ—(ਬੜੇ ਘਬਰਾ ਵਿਚ) ਨੂਰੀ! ਏਧਰ ਆ ਮੇਰੀ ਡਡ।

ਰਹੀਮਾ—ਐਨਾ ਚਿਰ ਕਿਥੇ ਲਾਇਆ?

ਨੂਰੀ—(ਮਰੀ ਹੋਈ ਆਵਾਜ਼ ਵਿਚ) ਹਾਂ।

ਰਹੀਮਾ—ਬੜਾ ਚਿਰ ਲਾਇਆ?

ਫ਼ਜ਼ਲੂ—ਆ ਮੇਰੀ ਬਚੜੀ—ਮੇਰੇ ਕੋਲ ਆ—ਕਿਦੇ ਗਈ ਸੈਂ ਤੂੰ?

ਨੂਰੀ—ਮੰਗਣ ਗਈ ਸਾਂ ਮੈਂ। ਤਨੂਰ-ਵਾਲੇ ਨੇ ਮੈਨੂੰ ਖਲਿਆਰੀ ਰਖਿਆ—ਮੈਂ ਖਲੋਤੀ ਉਡੀਕਦੀ ਰਹੀ—ਉਡੀਕਦੀ ਰਹੀ—ਛੇਕੜ ਮੇਰੇ ਪੈਰ ਜੁਆਬ ਦੇਣ ਲੱਗੇ—(ਹਿਚਕੀਆਂ ਵਿਚ) ਤੇ ਉਸ ਮੈਨੂੰ ਹਨੇਰੇ ਵਿਚ ਘੜੀਸ ਲਿਆ।

ਫ਼ਜ਼ਲੂ—(ਇਕ ਦਮ ਪਾਗਲਾਂ ਵਾਂਗ ਚੀਕ ਕੇ) ਹਾਹ! ਗਿਰਝਾਂ! ਉਹ ਆਪਣੀ ਚੁੰਝ ਮੇਰੀ ਵਖੀ ਵਿਚ ਖੋਭਦਾ ਏ—ਗਿਰਝ! ਹਹਿ!

ਨੂਰੀ—(ਰੋਂਦੀ ਹੋਈ) ਉਸ ਦਾ ਵਡਾ ਕੁੱਤਾ ਭੌਂਕਿਆ, ਉਸ ਤਨੂਰ ਤੇ ਚਿਮਟਾ ਖੜਕਾਇਆ—ਤੇ ਮੈਨੂੰ ਘੜੀਸ ਲਿਆ।

ਫ਼ਜ਼ਲੂ—(ਜ਼ਨੂਨ ਵਿਚ) ਮੈਂ ਗਿਰਝ ਨੂੰ ਮਾਰ ਘਤਾਂਗਾ—ਮੇਰੀ ਵਖੀ ਵਿਚ ਉਹ ਆਪਣੀ ਕਾਲੀ ਚੁੰਝ ਖੋਭਦਾ ਏ, ਮੇਰੀਆਂ ਪਸਲੀਆਂ ਵਿਚ ਧਸਦੀ ਹੋਈ ਉਹਦੀ ਇਹ ਕਾਲੀ ਚੁੰਝ ਮੈਂ ਮਰੋੜ ਸੁਟਾਂਗਾ। ਹਾਹ!

[ਬਾਹਰੋਂ ਗਿਰਝਾਂ ਆਪਣੇ ਖੰਭ ਛੰਡਦੀਆਂ ਹਨ।

ਮੈਂ ਉਨ੍ਹਾਂ ਦੀਆਂ ਅਖਾਂ ਨੋਚ ਸੁਟਾਂਗਾ ਜੋ ਜਿਊਂਦੇ ਮਾਸ ਵਲ ਮੌਤ ਵਾਂਗ ਵੇਖਦੀਆਂ ਹਨ।

ਨੂਰੀ–(ਹਿਚਕੀਆਂ ਵਿਚ) ਫੇਰ ਉਹ ਹਸਿਆ ਤੇ ਮੇਰੀਆਂ ਗਲ੍ਹਾਂ ਪੁਟੀਆਂ ਏਥੋਂ ਤੀਕ ਕਿ ਉਨ੍ਹਾਂ ਤੇ ਬੈਂਗਣੀ ਲਾਲ ਡੱਬ ਉੱਘੜ ਆਏ ਤੇ ਉਸ ਮੇਰੀ ਕੁਰਤੀ ਦਾ ਪੱਲਾ ਖਿਚ ਪਾਟਿਆ, ਤੇ–ਤੇ (ਪਤਲੀ ਕੂਕ ਵਿਚ) ਨੰਗੀ ਲੱਕ ਮਰੁੰਡ ਦਿਤੀ।

[ਰੋਟੀਆਂ ਦੀ ਥਹੀ ਆਪਣੀ ਕਛ ਚੋਂ ਤੇ ਮਠਿਆਈਆਂ ਡੇਗ ਕੇ ਉਹ ਜ਼ਮੀਨ ਤੇ ਢਹਿ ਪੈਂਦੀ ਹੈ।

ਫ਼ਜ਼ਲੂ–(ਫ਼ਰਸ਼ ਤੇ ਖੜਾ ਹੋ ਕੇ) ਮੈਂ ਉਸ ਦੀ ਕਾਲੀ ਚੁੰਝ ਉਖਾੜ ਕਢਾਂਗਾ, ਉਸ ਦੀ ਕਾਲੀ ਚੁੰਝ–(ਰਤਾ ਕੁ ਥਿੜਕ ਕੇ ਚੀਕ ਵਿਚ) ਮੈਂ ਜਾਨਾ ਆਂ, ਜਾਨਾ ਆਂ...........

[ਲੜਖੜਾਉਂਦਾ ਹੋਇਆ ਉਹ ਬਾਹਰ ਚਲਿਆ ਜਾਂਦਾ ਹੈ।

ਰਹੀਮਾ–(ਖਾਲੀ ਝਾਕਣੀ ਨਾਲ) ਕਿਧਰ ਗਿਆ ਉਹ ? (ਰੋਟੀਆਂ ਤੇ ਮਠਿਆਈ ਵਲ ਤਕ ਕੇ) ਤੇ ਤੂੰ ਇਹ ਸਭ ਕੁਝ ਲਿਆਈ, ਇਹ ਸਭੇ ਮਠਿਆਈਆਂ ਤੇ ਮਲਾਈ ਭਰੀਆਂ ਟਿਕੀਆਂ ਜੋ ਮੂੰਹ ਵਿਚ ਪਾਉਂਦਿਆਂ ਸਾਰ ਖੁਰ ਜਾਂਦੀਆਂ ਹਨ...........

[ਨੂਰੀ ਗੁਸੇ ਵਿਚ ਆਪਣਾ ਸਿਰ ਚੁਕਦੀ ਹੈ। ਉਸ ਦੀਆਂ ਅੱਖਾਂ ਫਿਰ ਜਾਂਦੀਆਂ ਹਨ ਤੇ ਨਾਸਾਂ ਲਾਲ ਹੋ ਉਠਦੀਆਂ ਹਨ।

ਨੂਰੀ–(ਰੋ ਕੇ) ਹਾਂ–ਸਾਰੇ ਦੀਆਂ ਸਾਰੀਆਂ ਕੁਛੜ ਵਿਚ ਸਾਂਭੀ–ਪਤਾ ਨਹੀਂ ਮੈਨੂੰ–ਤ੍ਰੇਲ੍ਹੀ ਪੈ ਰਹੀ ਸੀ, ਤੇ ਮੇਰੇ ਗੋਡੇ ਖੁਸਦੇ ਜਾਂਦੇ ਸਨ–ਮੈਨੂੰ ਪਤਾ ਨਹੀਂ–ਓਹਦਾ ਚੋੜਾ ਮੂੰਹ ਮੇਰੀ ਗਰਦਨ ਤੇ ਹਵਾੜ ਛਡਦਾ ਸੀ...........

ਰਹੀਮਾ–(ਪਾਟੀਆਂ ਅੱਖਾਂ ਅਡ ਕੇ) ਹੂੰ !

[ਉਹ ਆਪਣੇ ਦੋ ਦੰਦ ਇਕ ਬਰਫੀ ਦੀ ਡਲੀ ਵਿਚ ਖੋਭ ਦਿੰਦੀ ਹੈ ਤੇ ਬਰਫੀ ਦੀ ਡਲੀ ਨੂੰ ਹਾੜਬਿਆਂ

ਵਾਂਗ ਚੱਬਦੀ ਹੈ ਤੇ ਬੇਵਕੂਫਾਂ ਝਾਗ ਝਾਕਦੀ ਹੈ।
ਬਾਹਰ ਗਿਰਝਾਂ ਦੇ ਬੇਅੰਤ ਖੰਭਾਂ ਦੀ ਫੜਫੜਾਹਟ ਸੁਣਦੀ ਹੈ ਤੇ ਇਕ ਉਚੀ ਚੀਕ 'ਹਾ ਊ ਊ ਊ' ਆਉਂਦੀ ਹੈ।

ਨੂਰੀ–(ਇਕ ਦਮ ਸਿਰ ਚੁਕ ਕੇ) ਮਾਂਨੀ, ਉਹ ਰੇਤੜ ਰੋਹੀ ਵਿਚ ਜਿਥੇ ਗਿਰਝਾਂ ਮੁਰਦਿਆਂ ਉਤੇ ਕੱਠੀਆਂ ਹੋਈਆਂ ਨੇ, ਚਲਿਆ ਗਿਆ ਏ। ਹਨੇਰੇ ਵਿਚ ਠਿਬੇ ਠੇਡੇ ਖਾਂਦਾ ਫਿਰਦਾ ਏ। ਉਹ ਮਾ ਨੀ–!

ਰਹੀਮਾ–(ਚਬਣਾ ਬੰਦ ਕਰ ਕੇ) ਹਨੇਰੇ ਵਿਚ (ਟੁਟੀ ਨੀਝ ਨਾਲ) ਰੇਤੜ ਉਤੇ–

ਨੂਰੀ–(ਘਬਰਾ ਵਿਚ ਇਕ ਦਮ ਖੜੀ ਹੋਕੇ) ਮੈਂ ਜਾਨੀ ਆਂ–ਉਹ ਕਬਰਾਂ ਤੇ ਡਿਗਦਾ ਫਿਰਦਾ ਏ ਜਿਥੇ ਬਿਜੂ ਮੁਰਦਿਆਂ ਨੂੰ ਘੜੀਸੀ ਫਿਰਦਾ ਏ ਤੇ ਉਨ੍ਹਾਂ ਦੇ ਹਡ ਖੜਕਦੇ ਨੇ–ਮੈਂ ਚੱਲੀ ਆਂ। ਉਸਦੀ ਗਿਚੀ ਚੋਂ ਰਤ ਵਗ ਰਿਹਾ ਏ, ਤੇ ਉਸ ਦੀ ਗਰਦਨ ਉਤੇ ਖੂਨ ਦੇ ਟੇਪੇ ਜੰਮ ਗਏ ਨੇ, ਮੈਂ ਜਾਨੀ ਆਂ–

[ਉਹ ਚਲੀ ਜਾਂਦੀ ਹੈ।

ਰਹੀਮਾ–(ਹਵਾ ਵਿਚ ਝਾਕ ਕੇ) ਚਲੀ ਗਈ ? ਕਿਧਰ ਗਈ ਉਹ ? (ਰੁੱਖੀ ਆਵਾਜ਼ ਵਿਚ) ਕਿਥੇ ਗਈ ਨੂਰੀ–?

[ਉਹ ਨਫ਼ਰਤ ਵਿਚ ਅਧਾ ਚਿਥਿਆ ਟੁਕੜਾ ਵਗਾਹ ਮਾਰਦੀ ਹੈ ਤੇ ਥੁਕਦੀ ਹੈ।

ਆਹ ਗਿਰਝਾਂ ਦੀ ਬੋ ਮਾਰਦੀ ਇਹ ਮਠਿਆਈ–! ਆਹ !

[ਉਹ ਆਪਣੀਆਂ ਮੁਠੀਆਂ ਅੱਖਾਂ ਵਿਚ ਦੇ ਕੇ ਰੋਣ ਲਗਦੀ ਹੈ।

ਪਰਦਾ

## ਦੂਜੀ ਝਾਕੀ

ਵੀਰਾਨ ਜ਼ਮੀਨ ਦਾ ਦੂਰ ਤੀਕ ਵਿਛਿਆ ਪਿਆ ਇਕ ਹਨੇਰਾ ਟੁਕੜਾ ਜਿਹੜਾ ਨਿਕੀਆਂ ਨਿਕੀਆਂ ਸਫ਼ੈਦ ਕਬਰਾਂ ਨਾਲ ਚਿਤਿਆ ਪਿਆ ਹੈ। ਦੋ ਇਕ ਝਾੜ ਪਰਛਾਵਿਆਂ ਵਾਂਗ ਖਲੋਤੇ ਹਨ। ਫ਼ਜ਼ਲੂ ਆਉਂਦਾ ਹੈ। ਉਸ ਦੇ ਹਥ ਕੱਸੇ ਤੇ ਅੱਡੇ ਹੋਏ, ਤੇ ਉਸ ਦਾ ਢਿਡ ਸੁੰਗੜਿਆ ਹੋਇਆ ਹੈ। ਲਹੂ ਦੀ ਇਕ ਤਤ੍ਰੀਰੀ ਉਸ ਦੀਆਂ ਹੜਬਾਂ ਉਤੋਂ ਦੀ ਘਿਸੜਦੀ ਹੋਈ ਉਸ ਦੀ ਗਰਦਨ ਤੇ ਜਾ ਮੁਕਦੀ ਹੈ।

ਫ਼ਜ਼ਲੂ—ਹਾਂ, ਉਡ ਗਈਆਂ ? ਐਡੀ ਛੇਤੀ ਉਡ ਗਈਆਂ ਇਹ ਗਿਰਝਾਂ ? (ਕੰਨ ਲਾ ਕੇ) ਨਹੀਂ ਉਨ੍ਹਾਂ ਦੇ ਖੰਭ ਸੁਤਿਆਂ ਪਰਛਾਵਿਆਂ ਨੂੰ ਹੁਣ ਵੀ ਫੰਡਦੇ ਸੁਣਦੇ ਹਨ'।

[ਉਸ ਦਾ ਪੈਰ ਇਕ ਮੜ੍ਹੀ ਨਾਲ ਜਾ ਵਜਦਾ ਹੈ। ਮੈਂ ਨਸ ਕੇ ਜਾਵਾਂਗਾ—ਹਾਂ ਊ ਊ ਊ—ਮੈਂ ਨਸ ਕੇ ਤੇ ਇਸ ਗਿਰਝ ਨੂੰ ਮਾਰ ਘੱਤਾਂਗਾ, ਮੁਰਦਾਰ-ਖਾਣ ਵਾਲੀ ਇਸ ਕਮੀਨੀ ਨੂੰ—

ਫੇਰ ਖੰਭਾਂ ਦੀ ਫੜ ਫੜ (ਚੀਕ ਕੇ) ਹਹਿ, ਪਰ੍ਹੇ ਹੋ ਮੈਥੋਂ ਢਾਨਣੇ ਦੀ ਉੱਲੂ—ਹਰ ਵੇਲੇ ਸੜਿਆਂ ਮੁਰਦਿਆਂ ਤੇ ਪਲਣ ਵਾਲੀ ਜ਼ਾਤ ! ਪਰ੍ਹੇ........

[ਲੜ-ਖੜਾਉਂਦਾ ਹੈ ਤੇ ਡਿਗ ਪੈਂਦਾ ਹੈ।

ਫ਼ਜ਼ਲੂ—(ਉਸੇ ਵੇਗ ਵਿਚ)......ਇਹ ਖੰਭ......ਲੈ ਫੜ......ਫੜ ਵੀ ਇਸ ਖੰਭ ਨੂੰ......ਮੇਰੀਆਂ ਉਂਗਲਾਂ ਨੇ ਜਦ ਉਸ ਦੇ ਸਰੀਰ 'ਚੋਂ ਖਿਚਿਆ ਤਾਂ ਗਿਰਝਾਂ ਮਿਆਂਡ ਪਈਆਂ.........(ਉਸ ਨੂੰ ਪਲੋਸ ਕੇ) ਹਹਿ ਬੋਲੀ। ਗਿਦੜ ਤੋਂ ਕੀ ਡਰਨਾ......ਉਹ ਤਾਂ ਚੀਕੇਗਾ; ਤੇ ਚੀਕੇ ਗਾ.........

[ਉਸ ਦੇ ਬੋਲ ਇਕ ਦਮ ਘੱਗੇ ਹੋ ਜਾਂਦੇ ਹਨ ਤੇ

ਉਸ ਨੂੰ ਸਾਹ ਚੜ੍ਹ ਜਾਂਦਾ ਹੈ ਤੇ ਉਹ ਹੇਠਾਂ ਨੂੰ ਧਸ ਜਾਂਦਾ ਹੈ।

ਨੂਰੀ–ਪਰ ਅੱਬਾ ! ਤੈਨੂੰ ਬੁਖਾਰ ਏ ।......ਉਠ......ਵੇਖ ਤੇਰਾ ਮੱਥਾ ਕਿਵੇਂ ਭਖਦਾ ਹੈ ।

[ਨੂਰੀ ਨੱਸੀ ਨੱਸੀ ਅੰਦਰ ਆਉਂਦੀ ਹੈ ।

ਨੂਰੀ–ਅੱਬਾ !

[ਦੌੜ ਕੇ ਉਸ ਕੋਲ ਜਾਂਦੀ ਹੈ ।

ਫ਼ਜ਼ਲੂ–ਹਾਂ ਇਕ ਗਿਰਝ :

[ਉਹ ਇਕ ਕਿਰਿਆ ਹੋਇਆ ਖੰਭ ਚੁਕ ਲੈਂਦਾ ਹੈ ।

ਮੈਂ ਨੁਚਿਆ ਐ ਇਕ ਖੰਭ, ਮੈਂ ਨੁਚਿਆ ਐ ਗਿਰਝ ਦੇ ਘਸਮੈਲੇ ਸਰੀਰ 'ਚੋਂ ਇਹ ਖੰਭ.........

ਨੂਰੀ–ਪਰ ਅੱਬਾ, ਇਥੇ ਬਾਹਰ ਐਨੀ ਠਾਰੀ ਏ, ਤੇ ਸੁਨਸਾਨ ਏ, ਤੇ ਗਿਦੜ ਘੜੀ ਮੁੜੀ ਚਿਆਂਕ ਪੈਂਦਾ ਏ; ਤੂੰ ਅੰਦਰ ਚਲ । ਏ ਤੇਰੀ ਝਾਕਣੀ, ਕਿਵੇਂ ਟਿਕਵੀਂ ਤੇ ਠਰੀ ਹੋਈ ਏ, ਤੈਨੂੰ ਦਿਸਦਾ ਨਹੀਂ ਚੁਫੇਰੀਂ ਕਿੰਨਾ ਹਨੇਰਾ ਤੇ......

ਫ਼ਜ਼ਲੂ–(ਬੁਰੜਾ ਕੇ) ਨਹੀਂ–ਮੈਨੂੰ ਦਿਸਦਾ ਏ । ਉਹ ਵੇਖ ਪੀਲਾ ਸਾਵਾ ਤਾਰਾ ਜਿਹੜਾ ਹੁਣ ਗੂੜ੍ਹੇ ਲਾਲ ਰੰਗ ਵਿਚ ਲਿਸ਼ਕਦਾ ਏ । ਵੇਖ ਉਸ ਲਾਲ ਤਾਰੇ ਵਲ, (ਆਪਣੀ ਬਾਂਹ ਚੁਕ ਕੇ) ਉਥੇ ਜਿਥੇ ਅਕਾਸ਼ ਦਾ ਪੂਰਬ ਤੇ ਪੱਛਮ ਮਿਲਦਾ ਏ–

ਨੂਰੀ–(ਘਾਬਰ ਕੇ) ਤੂੰ ਕਿਹੋ ਜਿਹੀਆਂ ਗੱਲਾਂ ਕਰਨਾ ਏਂ ? ਆਪਾਂ ਚਲਾਂਗੇ ਹੁਣ–ਉਠ ।

[ਉਹ ਉਸ ਨੂੰ ਹੱਥ ਦਾ ਸਹਾਰਾ ਦੇ ਕੇ ਬਠਾਉਂਦੀ ਹੈ । ਉਹ ਭੋਂ ਤੇ ਤਲੀਆਂ ਟੇਕ ਕੇ ਮਸਾਂ ਬੈਠਦਾ ਹੈ, ਗੋਡਿਆਂ ਪਰਨੇ ਹੋ ਕੇ ਉਠਣ ਲਗਦਾ ਹੈ ਤੇ ਫੇਰ ਜ਼ਮੀਨ ਤੇ ਢਹਿ ਪੈਂਦਾ ਹੈ ।



igital Library | www.pa

ਫ਼ਜ਼ਲੂ—(ਲਮਕਦੀ ਆਵਾਜ਼ ਵਿਚ) ਕਾਲੀਆਂ ਧੁੰਦਾਂ ਮੇਰੇ ਮਨ ਵਿਚ ਜੰਗਲੀ ਸੁਫਨੇ ਤਕ ਰਹੀਆਂ ਹਨ; ਸਾਵਾ ਤਾਰਾ ਆਪਣੀ ਝੁੱਗੀ ਦੀ ਖੁਟ ਵਿਚ ਲਾਲ ਭਮਕਾਂ ਮਾਰਦਾ ਏ। ਤੇ ਅਨੇਕਾਂ ਰੰਗਾਂ ਦੇ ਟਿਮਕਣੇ ਮੇਰੀਆਂ ਅੱਖਾਂ ਅਗੇ ਉਡ ਪਏ ਨੇ—ਉਹ ਵੇਖ—

[ਨੂਰੀ ਫ਼ਜ਼ਲੂ ਦੇ ਹਥੋਂ ਖੰਭ ਖੋਹ ਲੈਂਦੀ ਹੈ ਤੇ ਆਪਣੀ ਬਾਂਹ ਨਾਲ ਉਸ ਦਾ ਸਿਰ ਸਹਾਰਦੀ ਹੈ।

ਫ਼ਜ਼ਲੂ—(ਚੀਕ ਕੇ) ਨਾ ਖੋਹ ਮੇਰੇ ਹਥੋਂ ਇਹ ਖੰਭ...ਨਾ ਖੋਹ......

[ਉਸ ਦੀ ਮੁੱਠੀ ਕੱਸ ਕੇ ਮਿਚ ਜਾਂਦੀ ਹੈ।

ਮੇਰੀ ਮੁਠੀ ਚੋਂ ਹੁਣ ਤੇ ਗਿਰਝ ਦੀ ਗਰਦਨ ਨਾ ਛੁੜਾ—ਨਾ—(ਸਾਹ ਲੈ ਕੇ) ਆਹ—ਛੇਕੜ ਮੈਂ ਨਪ ਈ ਲਈ ਉਸ ਦੀ ਗਰਦਨ ਆਹ—ਆਹ—

ਨੂਰੀ—(ਪੀਲੀ ਤੇ ਕੰਬਦੀ ਆਵਾਜ਼ ਵਿਚ) ਚਲ—ਮੈਂ ਤੈਨੂੰ ਉਠਾਉਨੀਆਂ—ਉਠ (ਰੋ ਕੇ) ਅੱਬਾ !

ਫ਼ਜ਼ਲੂ—(ਉਸ ਦੀ ਮੁਠੀ ਹੋਰ ਵੀ ਘੁਟ ਕੇ ਕਸੀ ਜਾਂਦੀ ਹੈ) ਵੇਖ। ਮੈਂ ਉਸ ਦੀ ਗਰਦਨ ਨੂੰ ਆਪਣੀਆਂ ਉਂਗਲਾਂ ਵਿਚ ਨਪੀੜ ਲਿਆ ਏ—ਤੇ ਉਸ ਦੀ ਰਤ ਮੇਰੀਆਂ ਉਂਗਲਾਂ ਉਤੇ ਚੋਂਦੀ ਹੈ—ਲਾਲ ਤੇ ਗਰਮ ਰਤ ਲਾਲ—ਉਸ ਦੂਰ ਲਿਸ਼ਕਦੇ ਤਾਰੇ ਦੇ ਵਾਂਗ ਲਾਲ—ਗਿਰਝਾਂ......ਗਿਰ......ਝਾਂ...

[ਉਹ ਖੰਘਦਾ ਹੈ ਤੇ ਹੇਠਾਂ ਨੂੰ ਨਿਘਰ ਜਾਂਦਾ ਹੈ। ਉਸ ਦੇ ਮੱਥੇ ਤੇ ਨਸਾਂ ਉਘੜ ਆਉਂਦੀਆਂ ਹਨ ਤੇ ਸਾਰੇ ਮੂੰਹ ਉਤੇ ਇਕ ਪਥਰੀ ਜਿਹੀ ਫਿਰ ਜਾਂਦੀ ਹੈ।

ਹਨੇਰੇ ਵਿਚ ਉਸ ਦੀ ਬਾਂਹ ਅੱਡੀ ਖੜੀ ਹੈ ਤੇ ਉਸ ਦੀ ਮੁਠੀ ਵਟੀ ਹੋਈ ਹੈ।

ਨੂਰੀ ਡੁਸਕਦੀ ਹੋਈ ਹੰਝੂਆਂ ਵਿਚ ਫੁਟ ਪੈਂਦੀ ਹੈ।

ਪਰਦਾ ਹੌਲੀ ਹੌਲੀ ਡਿਗਦਾ ਹੈ